# ਆਤਮ ਰੰਗ

ਜਿਲਦ ੨੫ ਅਕਤੂਬਰ 2024 ਅੱਸੂ-ਕੱਤਕ 556 ਨਾਨਕਸ਼ਾਹੀ October 2024 ਅੰਕ 10

ਧੰਨੁ ਧੰਨੁ ਰਾਮਦਾਸ ਗੁਰ ਜਿਨਿ ਸਿਰਿਆ ਤਿਨੈ ਸਵਾਰਿਆ ॥



ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ, ਚੂਨੀ ਮੰਡੀ ਲਾਹੌਰ (ਪਾਕਿਸਤਾਨ)

ਇਕ ਅਰਦਾਸਿ ਭਾਟ ਕੀਰਤਿ ਕੀ

ਗੁਰ ਰਾਮਦਾਸ ਰਾਖਹੁ ਸਰਣਾਈ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ 19 ਅਕਤੂਬਰ 2024 ਨੂੰ ਸਾਰਾ ਜਗਤ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ।

**ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥**
**ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ।।।**








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਅਖੰਡ ਕੀਰਤਨ ਸਮਾਗਮ ਬਰੇਲੀ ਮਿਤੀ 14.09.2024 ਤੋਂ ਲੈ ਕੇ 16.09.2024 ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੋਬਿੰਦ ਨਗਰ, ਮਾਡਲ ਟਾਊਨ ਬਰੇਲੀ ਵਿੱਖੇ ਅਖੰਡ ਕੀਰਤਨੀ ਜੱਥਾ ਬਰੇਲੀ ਅਤੇ ਅੰਮ੍ਰਿਤਸਰ ਵੱਲੋਂ ਮਨਾਇਆ ਗਿਆ। ਸੰਗਤਾਂ ਨੇ ਹੁੰਮਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਆਪਣਾ ਜੀਵਨ ਸਫਲਾ ਕੀਤਾ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ | ਅਕਤੂਬਰ 2024 | ਅੱਸੂ-ਕੱਤਕ 556 ਨਾਨਕਸ਼ਾਹੀ | October 2024 | ਅੰਕ 10

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**
ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਨੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

# ਤਤਕਰਾ


◆ ਸੰਪਾਦਕੀ 5

◆ ਬਾਰਹ ਮਾਹ ਕਥਾ 6
*– ਪ੍ਰਿੰਸੀਪਲ ਗੰਗਾ ਸਿੰਘ ਜੀ*

◆ ਅਣਡਿੱਠੀ ਦੁਨੀਆ 7
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਅਗਮ ਅਗੋਚਰ ਵਾਹਿਗੁਰੂ ਦੀ ਲਖਤਾ 9
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਗੁਰੂ ਰਾਮਦਾਸ ਜੀ ਦਾ ਫ਼ਲਸਫ਼ਾ 10
*– ਭਾਈ ਗੋਬਿੰਦ ਸਿੰਘ ਮਨਸੁਖਾਨੀ*

◆ ਸ੍ਰੀ ਗੁਰੂ ਰਾਮਦਾਸ ਜੀ 16
*– ਪ੍ਰੋ. ਬਲਵਿੰਦਰ ਸਿੰਘ ਜੋੜਾ ਸਿੰਘਾ*

◆ ਗੁਰੂ ਰਾਮਦਾਸ ਜੀ ਤੇ ਅੰਮ੍ਰਿਤਸਰ 19
*– ਪ੍ਰੋ. ਪ੍ਰਕਾਸ਼ ਸਿੰਘ ਜੀ*

◆ ਨਾਮ ਦੇ ਵਾਪਾਰੀ 24
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ !' 25
*– ਡਾ. ਜਸਵੰਤ ਸਿੰਘ ਜੀ ਨੇਕੀ*

◆ ਨਿਜ–ਬੀਤੀਆਂ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ 28

◆ ਧੰਨੁ ਧੰਨੁ ਰਾਮਦਾਸ ਗੁਰ 31
*– ਪ੍ਰੋ. ਹਰਬੰਸ ਸਿੰਘ ਜੀ*

◆ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ 33
*– ਪ੍ਰਿੰ. ਸੱਜਣ ਸਿੰਘ ਜੀ*

◆ ਗੁਰੂ ਰਾਮ ਦਾਸ ਜੀ ਵਿੱਚ ਨਿਮ੍ਰਤਾ, ਗਰੀਬੀ 36
*– ਪ੍ਰੋ. ਸਾਹਿਬ ਸਿੰਘ ਜੀ*

## *ਸੰਪਾਦਕੀ...*

ਪਾਕਿਸਤਾਨ ਲਾਹੌਰ ਦੇ ਵਸਨੀਕ ਹਰਦਾਸ (ਹਰਿਦਾਸ) ਜੀ ਸੋਢੀ ਦੇ ਘਰ ਚੂਨਾ ਮੰਡੀ ਲਾਹੌਰ ਚ ਜਗਤ ਜਲਦਾਂ ਪਾਤਸ਼ਾਹ ਪ੍ਰਮੇਸ਼੍ਵਰ ਸੋਢੀ ਸੁਲਤਾਨ ਧੰਨ ਧੰਨ ਰਾਮਦਾਸ ਗੁਰੂ ਸਾਹਿਬ ਦਾ ਪ੍ਰਕਾਸ਼, ਪਾਰਿਵਾਰਿਕ ਨਾਮ ਜੇਠਾ ਨਾਲ ਹੋਇਆ। ਸੱਤਾਂ-ਅੱਠਾਂ ਵਰਿਆਂ ਦੇ ਜੇਠਾ ਜੀ ਦੇ ਸਿਰੋਂ ਪਹਿਲਾਂ ਮਾਤਾ, ਮਗਰੋਂ ਪਿਤਾ ਦਾ ਸਹਾਰਾ ਉੱਠ ਗਿਆ। ਨਾਨਕੇ ਪਿੰਡ ਬਾਸਰਕੇ ਅਮ੍ਰਿਤਸਰ ਆ ਕੇ ਗਰੀਬੀ ਪ੍ਰਵਾਹ ਕਾਰਨ ਆਪ ਨਿਰੰਕਾਰ ਰੂਪ ਨੇ ਘੁੰਙਣੀਆਂ ਵੀ ਵੇਚੀਆਂ ਤੇ ਪ੍ਰਵਾਰਕ ਕਿਰਤ ਕਮਾਈ ਕਰਕੇ ਨਾਨਕੇ ਪ੍ਰਵਾਰ ਦਾ ਸਹਾਰਾ ਬਣੇ। ਬਾਸਰਕੇ ਨਗਰ ਇਕ ਹੋਰ ਪੱਖੋਂ ਵੀ ਅਨੋਖਾ ਤੇ ਮਸ਼ਹੂਰ ਸੀ ਕਿਉਂਕਿ ਗੁਰੂ ਅਮਰਦਾਸ ਪਾਤਸ਼ਾਹ ਦੀ ਜਨਮ ਭੂਮੀ ਸੀ ਤੇ ਅਕਸਰ ਉਥੋਂ ਸੰਗਤਾਂ ਹੁੰਮ-ਹੁੰਮਾ ਕੇ ਗੋਇੰਦਵਾਲ ਤੀਜੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਜਾਂਦੀਆਂ ਸਨ। ਭਾਈ ਜੇਠਾ ਸਾਹਿਬ ਜਿਹਨਾਂ ਵਿੱਚ ਅੱਗੇ ਜਾ ਕੇ ਨਿਰੰਕਾਰੀ ਜੋਤ ਨੇ ਆਪਣਾ ਵਾਸ ਕਰਨਾ ਸੀ, ਨੂੰ ਅਨੋਖੀ ਕੁਦਰਤੀ ਖਿੱਚ ਨੇ ਸਰਬ ਸੰਗਤਾਂ ਨਾਲ ਗੋਇੰਦਵਾਲ ਜਾਣ ਦੀ ਖਿੱਚ ਪਾਈ, ਸ਼ਾਇਦ ਇਹ ਇੱਕ ਕੁਦਰਤੀ ਸਰੋਕਾਰ ਸੀ ਜਾਂ ਜੋਤ ਨੇ ਅਮਰਦਾਸ ਤੋਂ ਰਾਮਦਾਸ ਬਣਨ ਦਾ ਸਫਰ ਤੈਅ ਕਰਨਾ ਸੀ। ਧੰਨ ਗੁਰੂ ਰਾਮਦਾਸ ਪਾਤਸ਼ਾਹ ਬੜੇ ਹੀ ਨਿਮਾਣੇ ਤੇ ਨਿਰਮਲ ਮਨ ਨਾਲ ਗੋਇੰਦਵਾਲ ਸਾਹਿਬ, ਮਨ ਇਕਾਗਰ ਕਰਕੇ ਸੇਵਾ ਭਾਵ ਚ ਜੀਵਨ ਪ੍ਰਵਾਹ ਕਰਨ ਲਗੇ। ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਦੀ ਨਦਰ ਦੀ ਨਿਗਾਹ ਉਹਨਾਂ ਦੀ ਅਥਾਹ ਸੇਵਾ ਤੇ ਪਈ ਤਾਂ ਗੁਰੂ ਤਾਰਣਹਾਰ ਪਾਤਸ਼ਾਹ ਨੇ ਜੇਠਾ ਜੀ ਨੂੰ ਆਪਣੀਆਂ ਦੋ ਪੁੱਤਰੀਆਂ ਚੋਂ ਛੋਟੀ ਧੀ ਭਾਨੀ ਜੀ ਨਾਲ ਵਿਆਹ ਅਨੰਦ ਕਾਰਜ ਵਿੱਚ ਗ੍ਰਿਹਸਤ ਕਰਕੇ ਸਦਾ ਲਈ ਗੁਰੂ ਘਰ ਦਾ ਅੰਸ਼ ਬਣਾ ਲਿਆ। ਹੁਣ ਭਾਈ ਜੇਠਾ ਜੀ ਤੇ ਇਕ ਹੋਰ ਨਦਰ ਕਰਦੇ ਹੋਏ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੋ ਆਪ ਨਿਥਾਂਵਿਆਂ ਦੇ ਥਾਂ ਹਨ, ਨੇ ਭਾਈ ਜੇਠਾ ਜੀ ਨੂੰ ਆਪਣੇ ਪਾਸ ਹੀ ਰੱਖਣਾ ਕੀਤਾ। ਭਾਈ ਜੀ ਦੀ ਅਥਾਹ ਸ਼ਰਧਾ ਸੇਵਾ ਦੇਖ ਕੇ ਪਾਤਸ਼ਾਹ ਅਕਸਰ ਉਹਨਾਂ ਨੂੰ ਰਾਮਦਾਸ ਆਖ ਕੇ ਸੰਬੋਧਨ ਕਰਦੇ ਹੁੰਦੇ ਸਨ। ਗੋਇੰਦਵਾਲ ਦੀ ਬਾਉਲੀ ਸਾਹਿਬ ਦੀ ਕਾਰ ਸੇਵਾ ਉਹਨਾਂ ਆਪ ਸਿਰ ਤੇ ਟੋਕਰੀਆਂ ਢੋਅ ਕੇ ਕੀਤੀ। ਲਾਹੌਰ ਸੰਗਤ ਚ ਇਕ ਵੇਰ ਉਹਨਾਂ ਦਾ ਸ਼ਰੀਕਾ ਵੀ ਗੋਇੰਦਵਾਲ ਆਇਆ ਤੇ ਉਹਨਾਂ ਰਾਮਦਾਸ ਨੂੰ ਟੋਕਰੀ ਢੋਹਦਿਆਂ ਦੇਖ ਸਹੁਰੇ ਘਰ ਕਾਰ ਕਰਨ ਦਾ ਬੁਰਾ ਮਨਾਇਆ, ਤੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ ਪੁਰਖਾ! ਰਾਮਦਾਸ ਦੇ ਸਿਰ ਗਾਰੇ ਮਿੱਟੀ ਦੀ ਟੋਕਰੀ ਨਹੀਂ ਸਗੋਂ ਦੀਨ ਦੁਨੀ ਦਾ ਛਤ੍ਰ ਹੈ। ਆਪ ਨਿਰੰਕਾਰ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਜਾਣੀ ਜਾਣ ਸਨ ਤੇ ਆਪ ਜੀ ਨੇ ਰਾਮਦਾਸ ਜੀ ਨੂੰ ਬਾਬਾ ਬੁੱਢਾ ਸਾਹਿਬ ਸਮੇਤ ਅੰਮ੍ਰਿਤਸਰ ਭੇਜਿਆ ਤੇ ਸਰੋਵਰ ਦੀ ਸੇਵਾ ਆਰੰਭ ਭਰਨ ਦੇ ਹੁਕਮ ਕੀਤੇ। ਸੰਤੋਖਸਰ ਸਰੋਵਰ ਦੀ ਸੇਵਾ ਤੋਂ ਕੁਝ ਦੂਰ ਤੇ ਨਗਰ ਚੱਕ ਰਾਮਦਾਸ ਦੀ ਮੋਹੜੀ ਗੱਡੀ ਤੇ ਨਗਰ ਵਸਾਕੇ ਪਰਿਵਾਰ ਸਮੇਤ ਉੱਥੇ ਟਿਕਾਉ ਕੀਤਾ। ਚੱਕ ਰਾਮਦਾਸ ਨਗਰ ਨੂੰ ਹਰ ਪਹਿਲੂ ਤੋਂ ਆਦਰਸ਼ਕ ਬਣਾਉਣਾ ਕੀਤਾ ਤੇ ਵੱਖੋ ਵਖਰੇ ਵਪਾਰੀ ਉੱਥੇ ਲਿਆ ਵਸਾਏ। ਉਹਨਾਂ ਸਿੱਖ ਧਰਮ ਦੀ ਅਗਵਾਈ ਲਈ ਚੋਖੀ ਬਾਣੀ ਰਚੀ ਤੇ ਸਿੱਖਾਂ ਨੂੰ ਪ੍ਰਣ ਕਰਵਾਉਣਾ ਕੀਤਾ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

ਗੁਰਤਾਗੱਦੀ ਤੇ ਬਿਰਾਜਣ ਮਗਰੋਂ ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਅਨੇਕਾਂ ਮਾਨਵਤਾ ਦੇ ਕਲਿਆਣਕਾਰੀ ਕਾਰਜ ਕੀਤੇ ਤੇ ਸਚਖੰਡ ਚਾਲੇ ਦੇ ਸਮੇਂ ਨੂੰ ਮੁੱਖ ਰਖਦਿਆਂ ਸੰਮਤ ੧੬੩੮ ਈ. ਨੂੰ ਪੰਜਵੇਂ ਪਾਤਸ਼ਾਹ ਤੇ ਆਪਣੇ ਪੁੱਤਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਤਾਗੱਧੀ ਦੀ ਜਿੰਮੇਵਾਰੀ ਸੌਂਪ ਕੇ ਪਾਤਸ਼ਾਹ ਸਚਖੰਡ ਗਮਨ ਕਰ ਗਏ। ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੇ ਜੀਵਨ ਨੇ ਸਿੱਖੀ ਵਿਚਾਰ ਤੇ ਪ੍ਰਵਾਹ ਲਈ ਕਲਿਆਣਕਾਰੀ ਉਦਾਹਰਣਾਂ ਪੇਸ਼ ਕੀਤੀਆਂ, ਜਿਸਦੇ ਸਿੱਟੇ ਵੱਜੋਂ ਸੋਢੀਆਂ ਦੀ ਪੀੜੀ ਨੇ ਸਿੱਖ ਪੰਥ ਦੀ ਨੀਂਵ ਤੱਕ ਦਾ ਸਫਰ ਤੈਅ ਕੀਤਾ ਤੇ ਅਨੋਖਾ ਵਿਲੱਖਣ ਤੇ ਉੱਤਮ ਧਰਮ, ਜਿਸ ਵਿੱਚ ਸਰਬ ਸਾਂਝੀਵਾਲਤਾ ਦੀ ਗੱਲ ਨੂੰ ਪ੍ਰਮੁੱਖ ਰੱਖਿਆ ਗਿਆ ਤੇ ਗਿਆਨ ਦੇ ਪ੍ਰਕਾਸ਼ ਦੁਆਰਾ ਸਿੱਖ-ਸਿੱਖੀ ਅਤੇ ਗੁਰੂ ਵਿਚਾਰ ਦੀ ਰੀਤ ਜਗ ਵਿੱਚ ਪ੍ਰਚਲਿਤ ਕੀਤੀ ਜੋ ਜੋਤ ਜੁਗਾਂ ਜੁਗਾਂਤਰਾਂ ਤੱਕ ਜਗਦੀ ਰਹੇਗੀ। ਸੰਮੂਹ ਖਾਲਸਾ ਪੰਥ ਨੂੰ ਐਸੇ ਧੰਨ-ਧੰਨ ਪਾਤਸ਼ਾਹ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀਆਂ ਦੇ ਪ੍ਰਕਾਸ਼ ਪੁਰਬ ਦੀ ਹਾਰਦਿਕ ਵਧਾਈ।

# ਬਾਰਹ ਮਾਹ ਕਥਾ

*[ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ]*

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥ ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥ ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥*** ***ਅੰਗ - 134***

**ਅਰਥ**

ਕੱਤਕ ਮਹੀਨੇ ਦੁਆਰਾ ਗੁਰ-ਉਪਦੇਸ਼ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੀਵਾਂ ਨੂੰ ਆਪਣੇ ਕੀਤੇ ਕਰਮ ਹੀ ਹੰਢਾਉਣੇ (ਭੋਗਣੇ) ਪੈਂਦੇ ਹਨ, ਕਿਸੇ ਦੂਜੇ ਨੂੰ ਇਸ ਵਜੋਂ ਦੋਸ਼ ਦੇਣਾ ਉਚਿਤ (ਯੋਗ) ਨਹੀਂ।

ਪਰਮੇਸ਼ਰ (ਦੀ ਯਾਦ) ਤੋਂ ਭੁੱਲਣ ਕਰਕੇ ਸਾਰੇ ਰੋਗ-ਸੋਗ (ਜੀਵ ਨੂੰ) ਆ ਦਬਾਉਂਦੇ ਹਨ, ਭਾਵ ਉਸ ਉੱਤੇ ਭਾਰੂ ਹੋ ਜਾਂਦੇ ਹਨ।

ਸਰਬ ਵਿਆਪਕ ਰਾਮ ਤੋਂ ਬੇਮੁਖ ਹੋਣ ਕਰਕੇ ਉਸ ਨਾਲੋਂ ਕਈ ਜਨਮਾਂ ਦੇ ਲੰਮੇ ਵਿਛੋੜੇ ਪੈ ਜਾਂਦੇ ਹਨ।

(ਮਨੁੱਖ ਦੇ ਏਥੋਂ ਚਲਾਣੇ ਦੇ ਸਮੇਂ) ਜਿੰਨੇ ਵੀ ਮਾਇਕੀ ਰਸ-ਭੋਗ (ਚਸਕੇ) ਉਸ ਨੇ ਜੀਵਨ ਵਿਚ ਮਿੱਠੇ ਕਰਕੇ ਭੋਗੇ ਹੁੰਦੇ ਹਨ (ਜਮ-ਦੂਤਾਂ ਦੀ ਕ੍ਰੋਪੀ ਵੇਖਦਿਆਂ ਸਾਰ) ਛਿਨ-ਮਾਤ੍ਰ ਵਿਚ ਕੌੜੇ ਹੋ ਨਿਬੜਦੇ ਹਨ।

(ਕੀਤੇ ਕਰਮਾਂ ਦੇ ਫਲ ਭੋਗਣ ਤੋਂ ਬਚਾਅ ਲਈ) ਕੋਈ ਹੋਰ ਮਨੁੱਖ ਵਿਚੋਲਾ-ਪਨ ਨਹੀਂ ਕਰ ਸਕਦਾ, ਇਸ ਲਈ (ਰਾਮ ਤੋਂ ਬੇਮੁਖ ਹੋਏ) ਭੋਗੀ ਜੀਵ ਕਿਸ ਪਾਸ ਆਪਣਾ ਰੋਣਾ (ਗ਼ਮ) ਰੋਵਣ।

ਜੋ ਕੁਝ ਧੁਰ-ਦਰਗਾਹੋਂ ਵਿਧਾਤਾ ਵਲੋਂ ਜੀਵ ਦੇ ਸੰਜੋਗਾਂ (ਭਾਗਾਂ) ਵਿਚ ਲਿਖਿਆ ਗਿਆ (ਉਹ ਅਵੱਸ਼ ਵਰਤਣਾ ਹੁੰਦਾ ਹੈ) ਕਿਸੇ ਜੀਵ ਦਾ ਆਪਣਾ ਕੀਤਾ (ਕੋਈ ਜਤਨ ਕਾਰਗਰ) ਨਹੀਂ ਹੋ ਸਕਦਾ।

ਵੱਡੇ ਭਾਗਾਂ ਸਦਕਾ ਜੇ (ਕਿਸੇ ਨੂੰ) ਮੇਰਾ ਪ੍ਰਭੂ ਮਿਲ ਪਵੇ ਤਾਂ ਵਿਛੋੜੇ ਦੇ ਸਾਰੇ ਦੁਖ-ਸੋਗ ਮਿਟ ਜਾਂਦੇ ਹਨ।

(ਅਸਾਂ ਜਗਿਆਸੂਆਂ ਦੇ ਸੰਗ-ਸਾਥ ਖਲੋਅ ਕੇ ਸਤਿਗੁਰੂ ਜੀ ਸਾਨੂੰ ਅਰਦਾਸ ਕਰਨ ਦਾ ਵੱਲ ਸਿਖਾਉਂਦੇ ਹੋਏ ਕਰਤਾ ਪੁਰਖ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ) ਹੇ ਬੰਦੀ-ਛੋੜ ਪ੍ਰਭੂ! ਮੈਨੂੰ ਨਾਨਕ ਨੂੰ (ਬੇਮੁਖਤਾ ਤੋਂ ਅਤੇ ਵਿਛੋੜੇ ਦੇ ਦੁਖ-ਸੋਗ ਤੋਂ) ਬਚਾਅ ਲੈ!

ਕੱਤਕ ਮਹੀਨੇ ਦੁਆਰਾ ਗੁਰ-ਉਪਦੇਸ਼ ਕਰਦੇ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਜਗਿਆਸੂ ਨੂੰ ਸਾਧੂ-ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਜਾਵੇ ਤਾਂ ਉਸਦੇ ਸਾਰੇ ਚਿੰਤਾ-ਝੋਰੇ ਮਿਟ ਜਾਂਦੇ ਹਨ।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸਿਫ਼ਤ-ਸਲਾਹ, ਹਰੀ ਜਸ ਕੀਰਤਨ ਦੁਆਰਾ ਹੀ ਉਧਾਰ ਹੁੰਦਾ ਹੈ, ਸੋ ਕਰੀ ਚਲੋ।

ਇਸ ਗੁਰ ਉਪਦੇਸ਼ ਨੂੰ ਸੁਣ ਕੇ ਸਿਦਕਵਾਨਾਂ, ਗੁਰਸਿਖਾਂ ਨੂੰ ਤਾਂ ਕੋਈ ਸੰਦੇਹ ਨਹੀਂ ਰਹਿੰਦਾ ਕਿ ਜੋ ਕੁਝ ਇਸ ਵਾਕ ਅੰਦਰ ਉਪਦੇਸ਼ਿਆ ਗਿਆ ਹੈ ਸੋ ਸਭ ਸੱਚ ਤੇ ਯਥਾਰਥ ਹੈ। ਇਸ ਗੁਰਵਾਕ ਦੁਆਰਾ ਹੇਠ ਲਿਖੀਆਂ ਗੱਲਾਂ ਸਿਧ ਹੁੰਦੀਆਂ ਹਨ··· ੧. ਸਿਰ ਤੇ ਕਾਲ ਹੈ। ੨. ਅੱਗੇ ਰਸਤਾ ਬਹੁਤ ਭਿਆਨਕ ਹੈ। ੩. ਸਿਮਰਨ ਕੀਤਿਆਂ ਜਮਜਾਲ ਕੱਟੇ ਜਾਂਦੇ ਹਨ। ੪. ਜਮਾਂ ਦਾ ਵਜੂਦ ਭੀ ਹੈ। ੫. ਨਰਕ ਸੁਰਗ ਅਸਥਾਨ ਭੀ ਹਨ, ਚਾਹੇ ਨਿਹਚਲ ਰਹਿਣ ਵਾਲੇ ਟਿਕਾਣੇ ਨਹੀਂ। ੬. ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀਆਂ ਆਦਿਕ ਪੁਰੀਆਂ ਭੀ ਹਨ। ਏਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਹੋ ਸਕਦਾ, ਪਰ ਗੁਰਸਿਖਾਂ ਨਾਮ- ਰਸੀਆਂ ਪਰ ਇਨ੍ਹਾਂ ਦਾ ਕੋਈ ਅਸਰ ਨਹੀਂ। ਅਗਲੀ ਦਰਗਹ ਤਾਂ ਇਸ ਗੁਰਵਾਕ ਦਾ ਮੁਖ ਵਿਸ਼ਾ ਹੀ ਹੈ।

ਅਗਲਾ ਗੁਰਵਾਕ ਇਸ ਤੋਂ ਭੀ ਵੱਧ ਇਨ੍ਹਾਂ ਗੱਲਾਂ ਦੀ ਤਸਦੀਕ ਕਰਦਾ ਹੈ –

*ਹਰਿ ਬਿਨੁ ਅਵਰ ਕ੍ਰਿਆ ਬਿਰਥੇ॥*
*ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥੧॥ਰਹਾਉ॥*
*ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥*
*ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥੧॥*
*ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥*
*ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥੨॥*
*ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥*
*ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥*
*ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥*
*ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥੪॥੬॥* *ਅੰਗ - ੨੧੬*

ਇਸ ਸ਼ਬਦ ਦਾ ਭਾਵ-ਅਰਥ ਇਹ ਹੈ ਕਿ ਵਾਹਿਗੁਰੂ ਨਾਮ ਦੀ ਸਿਮਰਨ-ਕਮਾਈ ਬਿਨਾਂ ਹੋਰ ਕਿਰਤ ਕਰੰਮੀ ਕਿਰਿਆ ਦੇ ਉਦਮ ਸਭ ਬਿਰਥੇ ਹਨ। ਅਨਮਤ ਬੋਧਤ ਜਪ ਤਪ ਸੰਜਮ ਆਦਿ ਕਮਾਏ ਹੋਏ ਕਰਮ ਇਹ ਸਭ ਉਰੇ ਉਰੇ ਹੀ ਖੁਸ ਜਾਂਦੇ ਹਨ, ਅਰਥਾਤ ਏਥੇ ਹੀ ਰਹਿ ਜਾਂਦੇ ਹਨ। ਇਹਨਾਂ ਦਾ ਬੀਜਿਆ ਫਲ ਅੱਗੇ ਜਾ ਕੇ ਪੁੰਗਰਦਾ ਹੀ ਨਹੀਂ, ਨਾ ਹੀ ਏਥੇ ਉਗਦਾ ਹੈ। ਵਰਤ ਨੇਮ ਸੰਜਮ ਆਦਿ ਅਨਮਤ ਕਰਮ ਕਰਨ ਵਿਚ ਖਪ-ਖਪ ਮਰਨ ਵਾਲਿਆਂ ਨੂੰ ਆਢ ਦਾਮ ਭੀ ਇਹਨਾਂ ਦੀ ਕਮਾਈ ਦਾ ਫਲ ਨਹੀਂ ਮਿਲਦਾ। ਏਹਨਾਂ ਫੋਕਟ-ਕਰਮੀ ਕਰਮਾਂ ਦਾ ਸਿੱਕਾ ਅੱਗੇ ਚਲ ਕੇ ਨਹੀਂ ਚਲਦਾ। ਓਥੇ ਹੋਰ ਹੀ ਸਿੱਕਾ ਚਲਦਾ ਹੈ। ਚਾਹੇ ਕਿੰਨੇ ਤੀਰਥ ਨ੍ਹਾਉਂਦਾ ਫਿਰੇ; ਕਿਤਨੀਆਂ ਧਰਤੀਆਂ ਭਉਂਦਾ ਫਿਰੇ, ਅੱਗੇ ਚਲ ਕੇ ਇਹਨਾਂ ਨੂੰ ਕੋਈ ਥਾਉਂ ਟਿਕਾਣਾ ਨਹੀਂ। ਅਰਥਾਤ ਇਹ ਕਰਮ ਕਿਸੇ ਲੇਖੇ ਨਹੀਂ ਪੈਂਦੇ। ਇਸ ਅਨਮਤੀ ਬਿਧੀ ਅਨੁਸਾਰ ਕੀਤੇ ਕਰਮ ਅਗਲੀ ਦਰਗਾਹ ਵਿਚ ਕੰਮ ਨਹੀਂ ਆਉਂਦੇ। ਇਥੇ ਲੋਕਾਂ ਨੂੰ ਪਤਿਆਉਣ ਪਰਚਾਉਣ ਲਈ ਇਹ ਪਾਖੰਡ ਕਰਮ ਕੰਮ ਦਿੰਦੇ ਹਨ। ਚਹੁੰਆਂ ਬੇਦਾਂ ਦਾ ਮੂੰਹ ਜ਼ਬਾਨੀ ਕੀਤਾ ਪਾਠ ਵੀ ਇਥੇ ਰਹਿ ਜਾਂਦਾ ਹੈ। ਇਹਨਾਂ ਦਾ ਫਲ ਅੰਕੁਰ ਰਾਈ ਮਾਤਰ ਭੀ ਅੱਗੇ ਚਲ ਕੇ ਸਫੁਟ ਨਹੀਂ ਹੁੰਦਾ, ਵਾਹਿਗੁਰੂ ਸੱਚੇ ਦੇ ਮਹਿਲ ਦੀ ਪ੍ਰਾਪਤੀ ਤਾਂ ਏਸ ਦੁਆਰਾ ਕੀ ਹੋਣੀ ਸੀ। ਇਕ ਸੁਧ ਅਖਰ ਵਾਹਿਗੁਰੂ ਨਾਮ ਬੁਝੇ ਬਿਨਾਂ ਭਾਵੇਂ

ਕਿਤਨੇ ਹੀ ਬੇਦ-ਪਾਠ ਮੁਖ ਬਚਨੀ ਉਚਰੇ ਜਾਣ, ਇਹ ਸਾਰੀ ਕਿਰਤ ਕਰਣੀ ਝਾਖ ਝਖਰਨੀ ਹੀ ਗਿਣੀ ਜਾਊ। ਗੁਰੂ ਨਾਨਕ ਸਾਹਿਬ ਇਹ ਤੱਤ ਬੀਚਾਰ ਉਪਦੇਸ਼ਦੇ ਮੁਖੋਂ ਉਚਾਰਦੇ ਹਨ ਕਿ ਕੇਵਲ ਇਸ ਨੂੰ ਕਮਾਵਣਹਾਰਾ ਹੀ ਪਾਰਗਰਾਮੀ ਹੋ ਸਕਦਾ ਹੈ। ਉਹ ਕਿਹੜਾ ਉਪਦੇਸ਼ ਵੀਚਾਰ ਹੈ? ਇਹ ਕਿ ਸੱਚੇ ਗੁਰੂ, ਸਤਿਗੁਰੂ ਦਾ ਆਗਿਆਕਾਰੀ ਹੋ ਕੇ, ਜੋ ਸਿੱਖ ਸਜ ਕੇ, ਜੋ ਗੁਰਮਤਿ ਨਾਮ ਧਿਆਉਂਦਾ ਹੈ, ਨਿਸ਼ਕਾਮ ਤੇ ਨਿਰਅਭਿਮਾਨ ਹੋ ਕੇ, ਉਸ ਦੀ ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ ਤੇ ਅਗਲੀ ਦਰਗਾਹ ਫਲਦੀ ਫੂਲਦੀ ਹੈ।

ਜਿਨ੍ਹਾਂ ਨੇ ਅਕਥ ਕਥਾ ਮਈ ਨਾਮ-ਨਿਧਾਨ, ਗੁਰੂ ਦੁਆਰਾ ਪਾ ਕੇ ਧਿਆਇਆ ਕਮਾਇਆ ਹੈ, ਤਿਨ੍ਹਾਂ ਨੇ ਅਗਲੀ ਦਰਗਾਹ ਜਾ ਕੇ ਸੋਭਾਵੰਤ ਬਾਂਹ ਲੁਡਾਰਨੀ ਸਚੀ ਸੁਹਾਗਣੀ ਦਾ ਮੁਕਾਮ ਪਾਇਆ ਹੈ। ਯਥਾ -

*ਮੈਂ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ॥*
*ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ॥੨॥੮॥੧॥੧੨)*
*ਅੰਗ - ੨੪੧*

ਜਿਨ੍ਹਾਂ ਨੇ ਸਤਿਗੁਰ ਮਤਿ ਬੁਧ ਪਾ ਕੇ ਗੁਰਮਤਿ ਨਾਮ ਦਾ ਰਸਨਾ ਕਰਕੇ ਅਜਪਾ ਜਾਪ ਜਪਿਆ ਹੈ, ਤੇ ਜਪ ਜਪ ਕੇ ਅਤੁਟ ਜਾਪ ਦੇ ਪ੍ਰਤਾਪੁ ਕਰਿ ਆਪਣਾ ਮਨ ਰੰਗਿਆ ਹੈ, ਤਿਨ੍ਹਾਂ ਦਾ ਅਗਲੀ ਦਰਗਾਹ ਅੰਦਰ ਅਨਾਦਰ ਕੋਈ ਨਹੀਂ ਕਰਦਾ, 'ਰੇ! ਰੇ!' ਕਰਕੇ ਕੋਈ ਨਹੀਂ ਬੁਲਾਉਂਦਾ, ਸਭ ਕੋਈ 'ਜੀ! ਜੀ!' ਕਰਕੇ ਹੀ ਬੁਲਾਉਂਦੇ ਹਨ। 'ਆਓ ਜੀ! ਬੈਠੋ ਜੀ!' ਕਹਿ ਕੇ ਸਭ ਕੋਈ ਆਦਰ ਦਿੰਦਾ ਹੈ। ਉਨ੍ਹਾਂ ਉਚ ਮੰਜ਼ਲੀਂ ਮਹਿਲਾਂ ਵਿਚ ਤਿਨ੍ਹਾਂ ਦਾ ਵਾਸ ਹੋ ਜਾਂਦਾ ਹੈ, ਜਿਥੇ ਵਸ ਕੇ ਜੰਮਣ ਮਰਣ ਚੁਰਾਸੀ ਦਾ ਗੇੜ ਮੁਕ ਜਾਂਦਾ ਹੈ। ਨਾ ਉਨ੍ਹਾਂ ਮਹਿਲਾਂ ਦਾ ਬਿਨਾਸ ਹੈ, ਨਾ ਹੀ ਮਹਿਲ-ਵਾਸੀਆਂ ਦਾ ਬਿਨਾਸ ਹੁੰਦਾ ਹੈ। ਯਥਾ ਗੁਰਵਾਕ -

*ਰਾਰਾ ਰੰਗਹੁ ਇਆ ਮਨੁ ਅਪਨਾ॥*
*ਹਰਿ ਹਰਿ ਨਾਮੁ ਜਪਹੁ ਜਪੁ ਰਸਨਾ॥*
*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥*
*ਉਆ ਮਹਲੀ ਪਾਵਹਿ ਤੂ ਬਾਸਾ॥*
*ਜਨਮ ਮਰਨ ਨਹ ਹੋਇ ਬਿਨਾਸਾ॥੧੦॥*
*ਅੰਗ - ੨੫੨*

ਸੁਖਮਨੀ ਸਾਹਿਬ ਦੇ ਅਗਲੇਰੇ ਵਾਕ, ਅਗਲੀ ਦਰਗਾਹ ਦੇ ਸਚ ਨੂੰ ਖ਼ੂਬ ਸਚਿਆਉਂਦੇ ਹਨ -

*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥....੧॥*
*ਜਿਹ ਮਾਰਗਿ ਇਹੁ ਜਾਤ ਇਕੇਲਾ॥*
*ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥੨॥*
*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨਾ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥੪॥*
*ਅੰਗ - ੨੬੪*

ਗੁਰੂ ਸਾਹਿਬ ਜੀ ਦੇ ਸ੍ਰੀ ਸੁਖਮਨੀ ਵਿਚ ਉਚਾਰੇ ਏਹਨਾਂ ਸਤਿ ਵਾਕਾਂ ਦੀ ਰੌਸ਼ਨੀ ਤਲੇ ਅਗਲੀ ਦਰਗਾਹ ਦੀ ਵਰਨਣ ਕੀਤੀ (ਉਪਰ ਵਰਨੀ) ਬਿਵਸਥਾ ਸਭ ਸਤੋ ਸਤਿ ਹੈ। ਜਿਨ੍ਹਾਂ ਸਤਿ-ਨਾਮ ਦੀ ਸਤਿ-ਕਮਾਈ ਕੀਤੀ ਹੈ, ਤਿਨ੍ਹਾਂ ਨੇ ਉਪਰ ਵਰਨਿਆ ਅਗਲੀ ਦਰਗਾਹ ਦਾ ਬਿਰਤੰਤ ਨਕਸ਼ਾ ਆਪਣੀ ਅਖੀਂ ਪੇਖਿਆ-ਆਖਿਆ ਹੈ। ਸਚ ਮੁਚ ਜੀਵ ਜਦ ਮਰਨ ਕਾਲ ਸਮੇਂ ਦੇਹੀ ਛੱਡਦਾ ਹੈ ਤਾਂ ਦੇਹੀ ਹੀ ਮਰਦੀ ਹੈ, ਜੀਵ ਨਹੀਂ ਮਰਦਾ। ਹਰ ਇਕ ਜੀਵ ਆਪੋ ਆਪਣੀ ਕਰਨੀ ਅਨੁਸਾਰ ਅਗਲੇ ਲੋਕ ਵਿਚ ਜਾਂਦਾ ਹੈ, ਅੱਗੇ ਕਰਨੀ ਦਾ ਫਲ ਪਾਉਂਦਾ ਹੈ। ਨਾਮੋਂ ਘੁਥੇ ਜੀਵ ਨੂੰ ਅਗਲੇ ਲੋਕ ਵਿਚ ਖੁਆਰੀ ਹੀ ਖੁਆਰੀ ਹੈ। ਸਚਮੁਚ ਅਗੇ ਉਹ ਅਸਥਾਨ ਹਨ ਜਿਥੇ ਸਾਰਿਆਂ ਜੀਵਾਂ ਨੂੰ ਅਤੀ ਮੁਸ਼ਕਲ ਭਾਰੀ ਬਣਦੀ ਹੈ। ਤਿਨ੍ਹਾਂ ਹੀ ਭਾਰੀ ਮੁਸ਼ਕਲ ਅਸਥਾਨਾਂ ਵਿਖੇ ਜਾਣ ਵਾਲੇ ਨਾਮ ਕਮਾਈਆਂ ਵਾਲੇ ਜੀਵ ਖਿਨ ਮਾਹਿ ਉਧਾਰੀਦੇ ਦੇਖੇ ਗਏ, ਸਚ ਪਰੇਖੇ ਗਏ ਹਨ।

ਸਚਮੁਚ ਐਸੇ ਵੀ ਅਸਥਾਨ ਅਗਾਹਾਂ ਹਨ, ਜਿਥੇ ਜਾਣ ਵਾਲੇ ਜੀਵ ਨੂੰ ਮਾਰਗ ਦਿਸਦਾ ਹੀ ਨਹੀਂ, ਬਿਲਕੁਲ ਸੁੰਨ-ਮਸੁੰਨੇ ਰਸਤਿਆਂ ਥਾਣੀਂ ਉਸ ਨੂੰ ਲੰਘਣਾ ਪੈਂਦਾ ਹੈ ਅਤੇ ਇਕੱਲੇ ਹੀ ਲੰਘਣਾ ਪੈਂਦਾ ਹੈ। ਜਿਥੇ ਇਕੱਲ ਬੜੀ ਹੀ ਡਰਾਉਣੀ ਹੁੰਦੀ ਹੈ, ਕੰਬ ਕੰਬਾਉਣੀ ਹੁੰਦੀ ਹੈ। ਜਿਨ੍ਹਾਂ ਨੇ ਨਾਮ ਦੀ ਅਤੁੱਟ ਕਮਾਈ ਕੀਤੀ ਹੁੰਦੀ ਹੈ (ਮਾਨੁਖਾ ਦੇਹ ਧਾਰ ਕੇ) ਤਿਨ੍ਹਾਂ ਨੂੰ ਡ੍ਰਾਹੁਣੇ, ਮਨ-ਕੰਬਾਉਣੇ, ਚਿਤ-ਘਬਰਾਉਣੇ ਮਾਰਗ ਵਿਖੇ ਵਾਹਿਗੁਰੂ ਨਾਮ ਸਚਾ ਸੰਗੀ ਸਾਥੀ ਅਤੇ ਸਹਾਈ ਸੁਹੇਲਾ ਰਾਹਬਰ ਬਣਦਾ ਹੈ।

**'ਚਲਦਾ'**

# ਅਗਮ ਅਗੋਚਰ ਵਾਹਿਗੁਰੂ ਦੀ ਲਖਤਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਮੇਰੇ ਮਨ ਰਾਮ-ਨਾਮ ਨਿਤ ਗਾਵੀਐ ਰੇ॥*
*ਅਗਮ ਅਗੋਚਰੁ ਨ ਜਾਈ ਹਰਿ ਲਖਿਆ,*
*ਗੁਰੁ ਪੂਰਾ ਮਿਲੈ ਲਖਾਵੀਐ ਰੇ॥ ਅੰਗ - ੧੧੧੮*

*ਭੈ ਨਿਰਭਉ ਮਾਨਿਅਉ ਲਾਖ ਮਹਿ ਅਲਖੁ ਲਖਾਯਉ॥*
*ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ॥*
*ਅੰਗ - ੧੪੦੭*

*ਏਕਮ ਏਕੰਕਾਰੁ ਨਿਰਾਲਾ॥*
*ਅਮਰੁ ਅਜੋਨੀ ਜਾਤਿ ਨ ਜਾਲਾ॥*
*ਅਗਮ ਅਗੋਚਰੁ ਰੂਪੁ ਨ ਰੇਖਿਆ॥*
*ਖੋਜਤ ਖੋਜਤ ਘਟਿ ਘਟਿ ਦੇਖਿਆ॥*
*ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥*
*ਗੁਰ ਪਰਸਾਦਿ ਪਰਮ ਪਦੁ ਪਾਈ॥੧॥*
*ਅੰਗ - ੮੩੮*

ਇਤਨੇ ਉਦਾਹਰਨਾਂ, ਗੁਰਮਤਿ ਪ੍ਰਮਾਣਾਂ ਦੇ ਹੁੰਦੇ ਹੋਏ ਨਾਮ-ਲੇਵਾ ਸਿੱਖ ਤਾਂ ਕਦੇ ਵੀ ਸੰਦੇਹ-ਸੰਸੇ ਵਿਚ ਆ ਨਹੀਂ ਸਕਦਾ ਕਿ ਵਾਹਿਗੁਰੂ ਹੈ ਨਹੀਂ, ਭਾਵੇਂ ਅਗਮ ਅਗਾਧ ਹੈ ਤੇ ਕਾਲ ਅਬਾਧ ਹੈ, ਪਰ ਹੈ ਸਹੀ।

*ਹੈ ਤੂਹੈ ਤੂ ਹੋਵਨਹਾਰ॥*
*ਅਗਮ ਅਗਾਧਿ ਊਚ ਆਪਾਰ॥*
*ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥*
*ਗੁਰ ਪਰਸਾਦਿ ਨਾਨਕ ਗੁਣ ਗਾਹਿ॥ ਅੰਗ - ੨੨੪*

ਇਸ ਤੋਂ ਵਧ ਕੇ ਸਪੱਸ਼ਟ ਪ੍ਰਮਾਣ ਕੀ ਹੋ ਸਕਦਾ ਹੈ ਕਿ ਗੁਰੂ ਨਾਨਕ ਪੰਚਮੇਸ਼ ਨੇ ਸਨਮੁਖ ਦਰਸ਼ਨ ਕਰਦੇ ਹੋਏ 'ਹੈ ਤੂ ਹੈ' ਅਕਾਲ ਪੁਰਖ ਨੂੰ ਸੰਬੋਧਨ ਕੀਤਾ ਹੈ ਅਤੇ ਸਦਾ 'ਹੋਵਨਹਾਰ' ਜਣਾਇਆ ਅਤੇ ਇਹ ਦ੍ਰਿੜ੍ਹ ਭੀ ਅਸਾਂ ਲਈ ਦ੍ਰਿੜ੍ਹਾਇਆ ਹੈ ਕਿ ਜੋ ਸਿਖ ਹੋਵਨਹਾਰ ਨਿਰੰਕਾਰ' ਨੂੰ ਸੇਵਦੇ ਤੇ ਸਿਮਰਦੇ ਹਨ ਉਹਨਾਂ ਨੂੰ ਕੋਈ ਭਉ ਦੁਖ ਨਹੀਂ ਲਗਦਾ। ਉਹ ਨਿਰਭਉ ਵੇਪਰਵਾਹਤਾ ਵਿਚ ਸਦਾ ਸਾਲਾਹੀ ਦੇ ਸਲਾਹਤਾ-ਮਈ ਗੁਣ ਹੀ ਗਾਉਂਦੇ ਰਹਿੰਦੇ ਹਨ। ਸਚੇ ਗੁਰਦੇਵ ਗੁਰੂ ਨਾਨਕ ਸਾਹਿਬ ਨੇ ਕਲਜੁਗ ਦਾ ਉਧਾਰ ਹੀ ਇਸ ਬਿਧ ਕੀਤਾ ਹੈ ਕਿ ਜੋ ਜੋ ਮਲ ਮੂਤ ਮੂੜ ਮੁਗਧ ਲੋਗ, ਹਰਿ ਸਿਮਰਨ ਕਰਿ ਸਚੀ ਅਕਾਲ ਸੇਵਾ ਵਿਖੇ ਲਗੇ ਹਨ ਅਤੇ ਜਿਹਨਾਂ ਉੱਤੇ ਕਿਰਪਾ ਦਇਆਲ ਬਖ਼ਸ਼ਿੰਦ ਵਾਹਿਗੁਰੂ ਦੀ ਬਖ਼ਸ਼ਿਸ਼ ਹੋਈ ਹੈ, ਹਰਿ ਸਿਮਰਨ ਦੁਆਰਾ ਤਿਨ੍ਹਾਂ ਦਾ ਇਸ ਤਰ੍ਹਾਂ ਪੁਗ-ਪੁਗਣਾ ਉਧਾਰ ਭੀ ਹੋ ਗਿਆ ਕਿ ਅਗਮ ਅਗੋਚਰ ਦੇ ਦਰਸ਼ਨ ਹੋ ਗਏ। ਯਥਾ ਗੁਰਵਾਕ -

*ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ,*
*ਜਿਸੁ ਮਸਤਕਿ ਭਾਗੁ॥*
*ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ,*
*ਸਤਿਗੁਰਿ ਬਖਸਿਆ ਹਰਿ ਨਾਮੁ॥੧॥*
*ਕਲਿਜੁਗੁ ਉਧਾਰਿਆ ਗੁਰਦੇਵ॥*
*ਮਲ ਮੂਤ ਮੂੜ ਜਿ ਮੁਘਦ ਹੋਤੇ,*
*ਸਭਿ ਲਗੇ ਤੇਰੀ ਸੇਵ॥੧॥ਰਹਾਉ॥ ਅੰਗ - ੪੦੬*

ਸਤਿਗੁਰ ਗੁਰੂ ਨਾਨਕ ਪੰਚਮੇਸ਼ ਜੀ ਨਿਜ ਅਖੀਂ ਡਿੱਠੀ ਸਾਖਾ ਇਉਂ ਭਰਦੇ ਹਨ -

*ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥*
*ਖੰਡ ਦੀਪ ਸਭ ਭੀਤਰਿ ਰਵਿਆ,*
*ਪੂਰਿ ਰਹਿਓ ਸਭ ਲੋਊ॥੧॥ਰਹਾਉ॥*
*ਅਗਮ ਅਗੰਮਾ ਕਵਨ ਮਹਿੰਮਾ,*
*ਮਨੁ ਜੀਵੈ ਸੁਨਿ ਸੋਊ॥ ਅੰਗ - ੫੩੫*

*ਜਾਨੀ ਨ ਜਾਈ ਤਾ ਕੀ ਗਾਤਿ॥੧॥ਰਹਾਓ॥*
*ਕਹ ਪੇਖਾਰਉ ਹਉ ਕਰਿ ਚਤੁਰਾਈ,*
*ਬਿਸਮਨ ਬਿਸਮੇ ਕਹਨ ਕਹਾਤਿ॥੧॥*
*ਗੁਣ ਗੰਧਰਬ ਸਿਧ ਅਰੁ ਸਾਧਿਕ॥*
*ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ॥*
*ਚਤੁਰ ਬੇਦ ਉਚਰਤ ਦਿਨੁ ਰਾਤਿ॥*
*ਅਗਮ ਅਗਮ ਠਾਕੁਰੁ ਆਗਾਧਿ॥*
*ਗੁਨ ਬੇਅੰਤ ਬੇਅੰਤ ਭਨੁ ਨਾਨਕ*
*ਕਹਨੁ ਨ ਜਾਈ ਪਰੈ ਪਰਾਤਿ॥ ਅੰਗ - ੫੩੫*

**(ਬਾਕੀ ਪੰਨਾ 15 'ਤੇ)**

# ਗੁਰੂ ਰਾਮਦਾਸ ਜੀ ਦਾ ਫ਼ਲਸਫ਼ਾ

*(ਭਾਈ ਗੋਬਿੰਦ ਸਿੰਘ ਮਨਸੁਖਾਨੀ)*

ਗੁਰੂ ਨਾਨਕ ਦੇਵ ਜੀ ਵਲੋਂ ਦੱਸੇ ਗਏ ਸਿੱਖ ਧਰਮ ਦੇ ਫ਼ਲਸਫ਼ੇ ਨੂੰ ਉਹਨਾਂ ਦੇ ਉਤਰ ਅਧਿਕਾਰੀਆਂ ਨੇ ਰੋਜ਼ਾਨਾ ਜੀਵਨ ਵਿਚ ਕਥਨੀ ਤੇ ਕਰਨੀ ਵਿਚ ਪ੍ਰਗਟ ਕੀਤਾ। ਸਿੱਖ ਸ਼ਬਦ ਦਾ ਅਰਥ ਹੈ ਸ਼ਿਸ਼, ਸਿਖਿਅਕ ਜਾਂ ਮੁਰੀਦ। ਇਸ ਲਈ ਸਿੱਖ ਇਕ ਨਿਵੇਕਲਾ ਜਾਂ ਨਿਵਾਰਿਕ ਵਿਅਕਤੀ ਨਹੀਂ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਆਪਦੇ ਵਿਸ਼ਵਾਸਾਂ ਵਿੱਚ ਢਾਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਤਾਂ ਸਗੋਂ ਇਹ ਚਾਹੁੰਦੇ ਸਨ ਕਿ ਉਹ ਆਪਣੇ ਵਿਸ਼ਵਾਸਾਂ ਦੀ ਡੂੰਘਾਈ ਵਿਚ ਜਾਣ ਅਤੇ ਆਪਣੇ-ਅਪਣੇ ਧਾਰਮਿਕ ਆਗੂਆਂ ਅਤੇ ਆਪਣੇ ਧਰਮ ਗ੍ਰੰਥਾਂ ਦੀ ਸਿੱਖਿਆ ਤੇ ਚੱਲਣ ਜਦੋਂ ਕਿਸੇ ਸਿੱਖ ਨੇ ਗੁਰੂ ਜੀ ਤੋਂ ਪੁਛਿਆ ਕਿ ਸਭ ਤੋਂ ਚੰਗਾ ਧਰਮ ਕਿਹੜਾ ਹੈ, ਤਾਂ ਉਹਨਾਂ ਉਤਰ ਦਿਤਾ :-

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥***

ਪਹਿਲਾ ਗੁਰੂ ਸਾਹਿਬਾਨ ਨੇ ਇਹ ਮਹਿਸੂਸ ਕੀਤਾ ਕਿ ਦੁਨੀਆ ਵਿਚ ਕਈ ਪ੍ਰਕਾਰ ਦੇ ਧਰਮ ਹਨ ਹਰ ਇਕ ਧਰਮ ਦਾ ਸਤਿ ਬਾਰੇ ਆਪਣਾ ਅਨੁਭਵ ਹੈ। ਸਹੀ ਤੌਰ ਤੇ ਇਕ ਅਧਿਆਤਮਕ ਪੁਰਸ਼ ਉਹ ਹੈ ਜਿਹੜਾ ਆਪਣੇ ਜੀਵਨ ਵਿਚ ਉਸੇ ਗੱਲ ਤੇ ਅਮਲ ਕਰਦਾ ਹੈ, ਜਿਹੜਾ ਉਸ ਦਾ ਧਰਮ ਉਸ ਨੂੰ ਸਿਖਾਂਦਾ ਹੈ। ਸਿੱਖ ਧਰਮ ਕੁਝ ਕੁ ਗਿਣੇ ਮਿੱਥੇ ਲੋਕਾਂ ਲਈ ਨਹੀਂ ਬਣਿਆ, ਸਗੋਂ ਸਾਰੀ ਮਨੁੱਖਤਾ ਲਈ ਹੈ, ਕਿਉਂਕਿ ਇਹ ਸਾਰੇ ਮਨੁੱਖੀ ਭਾਈਚਾਰੇ ਅਤੇ ਪਰਮ ਪਿਤਾ ਪਰਮਾਤਮਾ ਨੂੰ ਇਕ ਮੰਨਣ ਵਿਚ ਵਿਸ਼ਵਾਸ ਰੱਖਦਾ ਹੈ। ਇਹ ਵਿਸ਼ਵਾਸ ਅਮਲੀ ਰੂਪ ਵਿਚ ਸੰਗਤ ਅਤੇ ਪੰਗਤ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ। ਨਿਰੀ ਸ਼ਹਿਣਸ਼ੀਲਤਾ ਹੀ ਨਹੀਂ ਸਗੋਂ ਬਰਾਬਰਤਾ ਦੇ ਅਧਾਰ ਤੇ ਦੂਜੇ ਧਰਮਾਂ ਨੂੰ ਪਰਵਾਨ ਕਰਨਾ, ਸਿੱਖੀ ਦੀ ਬੁਨਿਆਦ ਹੈ।

ਦੂਜਾ, ਗੁਰੂ ਨਾਨਕ ਅਤੇ ਉਹਨਾਂ ਦੇ ਉਤਰ ਅਧਿਕਾਰੀਆਂ ਨੇ ਸਮਾਜ ਦੀਆਂ ਜ਼ਿੰਮੇਵਾਰੀਆਂ ਨੂੰ ਪਰਵਾਨ ਕਰਦਿਆਂ ਹੋਇਆ ਜੀਵਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ। ਸਿੱਖ ਧਰਮ ਸਮਾਜਕ ਵਚਨਵੱਧਤਾ ਵਿਚ ਵਿਸ਼ਵਾਸ ਰਖਦਾ ਹੈ, ਤਿਆਗ ਵਿਚ ਨਹੀਂ। ਪਰਮਾਤਮਾ ਨੂੰ ਹਰ ਥਾਈਂ ਪਾਇਆ ਜਾ ਸਕਦਾ ਹੈ। ਜਦੋਂ ਮਨੁੱਖ ਆਪਣੇ ਰੋਜ਼ਾਨਾ ਕਾਰ-ਵਿਹਾਰ ਕਰ ਰਿਹਾ ਹੁੰਦਾ ਹੈ, ਉਸ ਨੂੰ ਹਰ ਥਾਈਂ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਉਸ ਨੂੰ ਪ੍ਰਾਪਤ ਕਰਨ ਲਈ ਬੰਦੇ ਨੂੰ ਆਪਣਾ ਕੰਮ ਧੰਦਾ ਛੱਡ ਕੇ ਜੰਗਲਾਂ ਤੇ ਕੰਦਰਾਂ ਵੱਲ ਨੱਠ ਜਾਣ ਦੀ ਲੋੜ ਨਹੀਂ। ਇਸ ਵਸਦੀ ਰਸਦੀ ਦੁਨੀਆਂ ਵਿਚ, ਉਸ ਨੂੰ ਆਪਣਾ ਜੀਵਨ ਪੂਰੇ ਦੇ ਪੂਰੇ ਰੂਪ ਵਿਚ ਬਿਤਾਉਣਾ ਚਾਹੀਦਾ ਹੈ ਅਤੇ ਇਕ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਆਪਣੇ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਮਨੁੱਖਾ ਜੀਵਨ ਅਧਿਆਤਮਕ ਵਿਕਾਸ ਲਈ ਇਕ ਮਹਾਨ ਅਵਸਰ ਹੈ। ਉਸਨੂੰ ਮੁਕਤੀ ਤਾਂ ਹੀ ਮਿਲ ਸਕਦੀ ਹੈ ਜੇਕਰ ਉਹ ਆਪਣੀ ਉਦਰ ਪੂਰਤੀ ਕਰਦਾ ਹੋਇਆ ਜੀਵਨ ਦੇ ਸਾਰੇ ਸੁੱਖਾਂ ਨੂੰ ਮਾਣਦਾ ਹੈ ਅਤੇ ਜਿਵੇਂ ਕਿ ਆਦਿ ਗ੍ਰੰਥ ਵਿਚ ਦਸਿਆ ਗਿਆ ਹੈ, ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਹੀ ਉਸ ਨੂੰ ਮੁਕਤੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖਾ ਸਰੀਰ ਪਰਮ-ਗਿਆਨ ਲਈ ਇਕ ਪਵਿੱਤਰ ਸਾਧਨ ਹੈ। ਸੋ ਮਨੁੱਖ ਨੂੰ ਆਪਣੇ ਸਰੀਰ ਨੂੰ ਕਿਸੇ ਤਰ੍ਹਾਂ ਦੀ ਭਰਿਸ਼ਟ, ਸਲੀਜ਼ ਨਹੀਂ ਕਰਨਾ ਚਾਹੀਦਾ ਜਾਂ ਇੰਦਰੀਆਂ ਦਾ ਦਮਨ ਕਰਕੇ ਉਸ ਨੂੰ ਮਾਰਨਾ ਨਹੀਂ ਚਾਹੀਦਾ। ਗੁਰੂ ਰਾਮਦਾਸ ਜੀ ਇਸ ਸਰੀਰ ਨੂੰ ਲੋਕ ਤੇ ਪਰਲੋਕ ਦੇ ਸਫਰ ਲਈ ਇਕ ਘੋੜੀ ਸਮਾਨ ਸਮਝਦੇ ਹਨ। ਜਿਸ ਨੂੰ ਲਗਾਮ ਪਾ ਕੇ, ਨਿਯੰਤ੍ਰਣ ਵਿਚ ਰੱਖ ਕੇ ਸਫਰ ਦਾ ਆਨੰਦ ਮਾਣਨਾ ਹੁੰਦਾ ਹੈ। ਲੋਕ ਅਤੇ ਪਰਲੋਕ ਦਾ ਜੀਵਨ ਨਾਲ-ਨਾਲ ਹੀ ਚਲਣੇ ਚਾਹੀਦੇ

ਹਨ। ਇਹ ਜੀਵਨ ਪੂਰੀ ਇਕ ਸੁਰਤਾ ਅਤੇ ਉਚੇਰੀਆਂ ਕੀਮਤਾਂ ਦੀ ਪ੍ਰਾਪਤੀ ਲਈ ਹੀ ਸਮਰਪਿਤ ਹੋਣਾ ਚਾਹੀਦਾ ਹੈ। ਤੀਜਾ, ਮਨੁੱਖਾ ਜਨਮ ਦਾ ਇਕ ਮਨੋਰਥ ਹੈ। ਉਸ ਦੀ ਇਕ ਮੰਜ਼ਲ ਹੈ। ਸਿੱਖ ਗੁਰੂ ਸਾਹਿਬਾਨ ਨੇ ਇਹ ਫੁਰਮਾਨ ਕੀਤਾ ਹੈ ਕਿ ਮਨੁੱਖ ਦੀ ਸੰਪੂਰਨਤਾ ਉਸ ਦਾ ਪਰਮੇਸ਼ਵਰ ਵਿਚ ਅਭੇਦ ਹੋ ਜਾਣਾ ਹੀ ਹੈ। ਵਾਹਿਗੁਰੂ ਵਿਚ ਸਮਾ ਕੇ ਹੀ ਆਵਾਗਵਣ ਦੇ ਚੱਕਰ ਨੂੰ ਕੱਟਿਆ ਜਾ ਸਕਦਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ, ਹਰ ਇਕ ਗੁਰੂ ਸਾਹਿਬ ਨੇ ਸਿੱਖ ਨੂੰ ਇਕ ਆਦਰਸ਼ਕ ਰੂਪ ਯਾਨੀ ਕਿ ਖਾਲਸਾ-ਰੂਪ ਦੇਣ ਵਿਚ ਕੁਝ ਨਾ ਕੁਝ ਯੋਗਦਾਨ ਪਾਇਆ ਹੈ

ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਪਿਆਰ ਅਤੇ ਸਰਬ ਵਿਆਪੀ ਮਨੁੱਖੀ ਭਾਈਚਾਰੇ ਦੇ ਵਿਚਾਰ ਨੂੰ ਫੈਲਾਉਣ ਲਈ ਸੰਸਾਰ ਦੇ ਅੱਡੋ-ਅੱਡ ਧਰਮਾਂ ਦੇ ਲੋਕਾਂ ਨੂੰ ਮਿਲ ਕੇ, ਉਹਨਾਂ ਨਾਲ ਵਿਚਾਰ ਵਟਾਂਦਰਾ ਕਰਕੇ, ਉਹਨਾਂ ਨੂੰ ਉਹਨਾਂ ਦੇ ਹੀ ਧਰਮਾਂ ਦੇ ਸਹੀ ਰਸਤਿਆਂ ਤੋਂ ਜਾਣੂ ਕਰਵਾਇਆ। ਉਹਨਾਂ ਕੱਟੜ ਰਹੁ ਰੀਤੀਆਂ, ਵਰਤ, ਦਾਨ ਤੇ ਤੀਰਥ ਇਸ਼ਨਾਨਾਂ ਦੀ ਕਰੜੀ ਆਲੋਚਨਾ ਕੀਤੀ। ਉਹਨਾਂ ਸਾਧੂਆਂ ਜੋਗੀਆਂ ਵਲੋਂ ਕੀਤੀ ਜਾਂਦੀ ਤਪ-ਤਪੱਸਿਆ ਨੂੰ ਵੀ ਗਲਤ ਦੱਸਿਆ। ਗੁਰੂ ਅੰਗਦ ਦੇਵ ਜੀ ਨੇ ਨਾਮ ਜਪਣ ਦੇ ਨਾਲ-ਨਾਲ ਸਰੀਰ ਦੀ ਸੰਭਾਲ ਅਤੇ ਕਸਰਤ ਉੱਪਰ ਵੀ ਜ਼ੋਰ ਦਿਤਾ ਹੈ। ਉਹਨਾਂ ਇਸ ਮੰਤਵ ਲਈ ਕਈ ਅਖਾੜੇ ਵੀ ਖੋਲ੍ਹੇ, ਜਿਨ੍ਹਾਂ ਵਿਚ ਕੁਸ਼ਤੀਆਂ ਤੇ ਹੋਰ ਖੇਡ-ਮੁਕਾਬਲਿਆਂ ਦਾ ਵੀ ਸਮਾਵੇਸ਼ ਕੀਤਾ। ਉਹਨਾਂ ਨੇ ਗੁਰਮੁਖੀ ਲਿੱਪੀ ਨੂੰ ਲੋਕਪ੍ਰਿਆ ਬਣਾਇਆ, ਜਿਹੜੀ ਕਿ ਸੰਸਕ੍ਰਿਤ ਤੋਂ ਸੁਖੱਲੀ ਹੈ। ਉਨ੍ਹਾਂ ਆਪਣੇ ਸਿੱਖਾਂ-ਸੇਵਕਾਂ ਨੂੰ ਗੁਰਮੁਖੀ ਦੀ ਸਿੱਖਿਆ ਵੀ ਦਿੱਤੀ। ਜਾਤ-ਪਾਤ ਦੇ ਬੰਧਨਾਂ ਨੂੰ ਕੱਟਣ ਲਈ ਗੁਰੂ ਅਮਰਦਾਸ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਉਹਨਾਂ ਬਾਉਲੀ ਸਾਹਿਬ ਦੀ ਉਸਾਰੀ ਵੀ ਕੀਤੀ ਤਾਂ ਜੋ ਹਰੀਜਨ ਤੇ ਹੋਰ ਦਲਿਤ ਜਾਤੀਆਂ, ਉਸ ਵਿਚੋਂ ਪਾਣੀ ਲੈ ਸਕਣ ਅਤੇ ਬਰਾਬਰਤਾ ਤੇ ਅਧਾਰ ਤੇ ਸਮਾਜ ਦੀਆਂ ਹੋਰਨਾਂ ਸ਼ਰੇਣੀਆਂ ਨਾਲ ਰਲ-ਮਿਲ ਸਕਣ।

ਗੁਰੂ ਰਾਮਦਾਸ ਨੇ ਅੰਮ੍ਰਿਤਸਰ ਦਾ ਪਵਿੱਤਰ ਨਗਰ ਵਸਾ ਕੇ ਅਤੇ ਇਕ ਪਵਿੱਤਰ ਸਰੋਵਰ ਉਸਾਰ ਕੇ ਪੂਜਾ ਅਤੇ ਸਭਿਆਚਾਰ ਦਾ ਇਕ ਕੇਂਦਰ ਸਾਨੂੰ ਦਿੱਤਾ। ਸਾਰਿਆਂ ਗੁਰੂਆਂ ਦਾ ਸੰਦੇਸ਼ ਤਾਂ ਇਕੋ ਹੀ ਸੀ, ਕਿਉਂਕਿ ਇਸ ਦਾ ਪ੍ਰੇਰਨਾ ਸਰੋਤ ਇਕੋ ਹੀ ਪ੍ਰਕਾਸ਼ ਅਤੇ ਅਧਿਆਤਮਕ ਬੋਧ ਹੈ। ਉਹ ਹੈ ਆਪਣੇ ਪੂਰਵਜਾਂ ਦੀਆਂ ਸਿਖਿਆਵਾਂ ਨਾਲ ਇੱਕਸੁਰਤਾ ਭਾਵ ਇਕ ਪਰਮਾਤਮਾ ਵਿਚ ਵਿਸ਼ਵਾਸ, ਗੁਰੂ ਦੀ ਸਿੱਖਿਆ ਤੇ ਚਲਣਾ, ਸਾਧ ਸੰਗਤ ਕਰਨਾ, ਕੀਰਤਨ ਕਰਨਾ, ਅਜਪਾ ਜਾਪ ਕਰਨਾ, ਦੂਜਿਆਂ ਨਾਲ ਵੰਡ ਕੇ ਛਕਣਾ, ਸੇਵਾ, ਕੁਰਬਾਨੀ ਤੇ ਨਿਮਰਤਾ ਦੀ ਭਾਵਨਾ ਪੈਦਾ ਕਰਨੀ ਅਤੇ ਵਾਹਿਗੁਰੂ ਦੇ ਭਾਣੇ ਵਿਚ ਰਹਿਣਾ।

**ਵਾਹਿਗੁਰੂ**

ਦੂਜੇ ਗੁਰੂ ਸਾਹਿਬਾਨ ਵਾਂਗ, ਗੁਰੂ ਰਾਮਦਾਸ ਨੇ ਇਸ ਗੱਲ ਨੂੰ ਫਿਰ ਦੁਹਰਾਇਆ ਕਿ ਪਰਮਾਤਮਾ ਇਕ ਹੈ, ਉਹ ਸਰਬ ਸ਼ਕਤੀਮਾਨ ਹੈ, ਨਿਰਗੁਣ ਹੈ, ਅਕਾਲ ਪੁਰਖ ਹੈ :-

*ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪ ਨ ਰਿਖਾ॥*
*ਜਿਸੁ ਬੁਝਾਇ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ॥*
*ਤੁਧੁ ਜੇਵਡੁ ਹੋਰੁ ਸਰੀਰੁ ਹੋਵੈ ਤਾ ਆਖੀਐ, ਤੁਧੁ ਜੇਵਡੁ ਤੂਹੈ ਹੋਈ॥*

ਭਾਵੇਂ ਵਾਹਿਗੁਰੂ ਸਾਡੀ ਸੂਝ ਤੇ ਅਨੁਭਵ ਤੋਂ ਵੀ ਪਰੇ ਹੈ, ਫਿਰ ਵੀ ਉਹ ਸਭ ਥਾਈਂ ਵਿਚਰ ਰਿਹਾ ਹੈ :-

*ਥਾਨ ਥਨੰਤਰ ਰਵਿ ਰਹਿਆ ਮੇਰੀ ਜਿੰਦੁੜੀਏ*
*ਪਾਰਬ੍ਰਹਮੁ ਪ੍ਰਭੁ ਦਾਤਾ ਰਾਮ॥*
*ਤਾਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ*
*ਪੂਰਨ ਪੁਰਖੁ ਬਿਧਾਤਾ ਰਾਮ॥*

ਵਾਹਿਗੁਰੂ ਪਾਰਬ੍ਰਹਮ ਪ੍ਰਕਾਸ਼ ਹੈ। ਵਿਗਿਆਨਕ ਤੇ ਗੈਰ-ਵਿਗਿਆਨਕ ਤੱਤਾਂ ਵਿਚ ਵੀ ਉਸ ਦੀ ਚਮਕਾਰ ਹੈ-

*ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥*
*ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥*
*ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥*

ਗੁਰੂ ਰਾਮਦਾਸ ਜੀ ਪਰਮਾਤਮਾ ਦੀ ਅਦਭੁਤ ਖੇਡ ਨੂੰ ਇਉਂ ਬਿਆਨ ਕਰਦੇ ਹਨ : -

*ਵਾਹੁ ਵਾਹੁ ਕਾ ਬਡਾ ਤਮਾਸਾ॥*
*ਆਪੇ ਹਸੈ ਆਪਿ ਹੀ ਚਿਤਵੈ*
*ਆਪੇ ਚੰਦੁ ਸੂਰੁ ਪਰਗਾਸਾ॥*
*ਆਪੇ ਜਲੁ ਆਪੇ ਥਲੁ ਥੰਮ੍ਹਨੁ*
*ਆਪੇ ਕੀਆ ਘਟਿ ਘਟਿ ਬਾਸਾ॥*
*ਆਪੇ ਨਰੁ ਆਪੇ ਫੁਨਿ ਨਾਰੀ*
*ਆਪੇ ਸਾਰਿ ਆਪ ਹੀ ਪਾਸਾ॥*
*ਜੀਅ ਜੰਤ ਸਭਿ ਤੇਰਿਆ*
*ਤੂ ਸਭਨਾ ਰਾਸਿ॥*

*ਜਿਸਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ*
*ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ॥*
*ਤੂੰ ਇਕੋ ਦਾਤਾ ਸਭਸ ਦਾ*
*ਹਰਿ ਪਹਿ ਅਰਦਾਸਿ॥*

ਸੰਤਾਂ ਅਤੇ ਫਕੀਰਾਂ ਨੇ ਵਾਹਿਗੁਰੂ ਨੂੰ ਉਹਨਾਂ ਸਰਬ ਗੁਣਾਂ ਦਾ ਸਰੂਪ ਕਰਕੇ ਬਿਆਨਿਆ ਹੈ, ਜਿਸ ਤਰ੍ਹਾਂ ਦਾ ਉਹਨਾਂ ਨੇ ਉਸ ਨੂੰ ਵੇਖਿਆ, ਪਰੀਖਿਆ ਤੇ ਮਾਣਿਆ ਹੈ, ਜਿਵੇਂ ਮਿਸਾਲ ਵਜੋਂ ਉਸ ਦਾ ਨਿਆਂ, ਉਸ ਦੀ ਦਿਆਲਤਾ ਅਤੇ ਮਿਹਰ। ਇਸ ਲਈ ਵਾਹਿਗੁਰੂ ਤਾਂ ਸਰਬ ਗੁਣ ਸੰਪੰਨ ਹੈ। ਉਹ ਸਰਬ ਸ੍ਰੇਸ਼ਟ ਗੁਣਾਂ ਦਾ ਅਧਾਰ ਵੀ ਹੈ।

*ਤਵ ਗੁਨ ਬ੍ਰਹਮ ਬ੍ਰਹਮ ਤੂ ਜਾਨਹਿ ਜਨ ਨਾਨਕ ਸਰਨਿ ਪਰੀਜੈ॥*

*ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥*

*ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥*

ਗੁਰੂ ਰਾਮਦਾਸ ਪਰਮਾਤਮਾ ਨੂੰ ਇਕ ਦਿਆਵਾਨ ਪਿਤਾ, ਇਕ ਮਿਹਰਬਾਨ ਪਤੀ, ਇਕ ਰੱਖਿਅਕ ਅਤੇ ਆਪਣੇ ਭਗਤਾਂ ਦਾ ਰਖਸ਼ਕ ਕਰਕੇ ਜਾਣਦੇ ਹਨ :-

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*

*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*

ਗੁਰੂਆਂ ਅਤੇ ਭਗਤਾਂ ਨੇ ਪਰਮਾਤਮਾ ਦੀ ਅਡੋ-ਅੱਡ ਤਰੀਕਿਆਂ ਨਾਲ ਮਹਿਮਾ ਦਾ ਗਾਇਨ ਕੀਤਾ ਹੈ ਅਤੇ ਵਖੋ-ਵੱਖਰੇ ਨਾਵਾਂ ਨਾਲ ਯਾਦ ਕੀਤਾ ਹੈ।

**ਸਿਰਜਣਾ**

ਸਿੱਖ ਮਤ ਅਨੁਸਾਰ ਸਿਰਜਣਾ ਤੋਂ ਪਰਮਾਤਮਾ ਦੀ ਹੋਂਦ ਦਾ ਪਤਾ ਲਗਦਾ ਹੈ। ਜਿਵੇਂ ਕਿਸੇ ਮਿਸਤਰੀ ਤੋਂ ਬਿਨਾਂ ਕੋਈ ਇਮਾਰਤ ਨਹੀਂ ਹੋ ਸਕਦੀ, ਏਸੇ ਤਰ੍ਹਾਂ ਸਿਰਜਨਹਾਰ ਤੋਂ ਬਿਨਾਂ ਕੋਈ ਸਿਰਜਣਾ ਨਹੀਂ ਹੋ ਸਕਦੀ। ਕੁਦਰਤ ਬ੍ਰਹਮ ਦੀ ਸ਼ਕਤੀ ਦਾ ਇਕ ਝਲਕਾਰਾ ਪੇਸ਼ ਕਰਦੀ ਹੈ। ਇਹ ਸੰਸਾਰ ਉਸ ਦੇ ਹੁਕਮ ਦਾ ਇਕ ਪਸਾਰਾ ਹੈ। ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਿਰਫ ਪਰਮਾਤਮਾ ਦੀ ਹੀ ਹੋਂਦ ਸੀ। ਗੁਰੂ ਰਾਮਦਾਸ ਜੀ ਫਰਮਾਂਦੇ ਹਨ -

*ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ॥*
*ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥*
*ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ॥*

ਇਸ ਸ੍ਰਿਸ਼ਟੀ ਦੀ ਕਦੋਂ, ਕਿਵੇਂ ਅਤੇ ਕਿਉਂ ਉਤਪਤੀ ਹੋਈ। ਗੁਰੂ ਰਾਮਦਾਸ ਇਸ ਸਦੀਵੀ ਗੁੰਝਲ ਨੂੰ ਇਸ ਤਰ੍ਹਾਂ ਖੋਲ੍ਹਦੇ ਹਨ :-

*ਕੀਆ ਖੇਲ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥*
*ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥*

ਪਰਮਾਤਮਾ ਨੇ ਇਹ ਸੰਸਾਰ ਪੰਜਾਂ ਤੱਤਾਂ ਵਿਚੋਂ ਬਣਾਇਆ ਹੈ :-

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ*
*ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

ਗੁਰੂ ਜੀ ਅਦਵੈਤ ਦੇ ਫ਼ਲਸਫ਼ੇ ਵਿਚ ਯਕੀਨ ਰਖਦੇ ਹਨ ਅਰਥਾਤ ਪਰਮਾਤਮਾ ਤੇ ਉਸਦੀ ਰਚਨਾ ਇਕ ਹੀ ਹਨ ਪਿਦਾਰਥ ਅਤੇ ਸੂਖਮ, ਅਜਿਹੀ ਕੋਈ ਦੋ ਵੰਡ ਨਹੀਂ। ਗੁਰੂ ਰਾਮਦਾਸ ਜੀ ਕਹਿੰਦੇ ਹਨ :-

*ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥*

ਪਰਮਾਤਮਾ ਵਲੋਂ ਸਿਰਜੀ ਗਈ ਸਿਰਜਣਾ ਦੇ ਸਮੇਂ ਅਤੇ ਪਸਾਰੇ ਦੀ ਹੋਂਦ ਬਾਰੇ, ਕੋਈ ਵੀ ਠੀਕ ਠੀਕ ਨਹੀਂ ਦਸ ਸਕਦਾ।

**ਮਨੁੱਖ ਅਤੇ ਆਤਮਾ**

ਮਨੁੱਖ ਮੂਲ ਰੂਪ ਵਿਚ, ਵਾਹਿਗੁਰੂ ਦਾ ਇਕ ਅੰਸ਼ ਹੀ ਹੈ, ਉਸ ਜੋਤ ਅਤੇ ਉਸ ਦੇ ਪ੍ਰਕਾਸ਼ ਦੀ ਇਕ ਕਿਰਨ, ਦੈਵੀ ਸੱਤਾ ਦਾ ਇਕ ਭਾਗ ਹੈ।

ਜੇ ਸਾਨੂੰ ਇਹ ਸਮਝ ਆ ਜਾਵੇ ਕਿ ਅਸੀਂ ਕੀ ਹਾਂ, ਤਾਂ ਅਸੀਂ ਆਪਣੀ ਸਾਰੀ ਸ਼ਕਤੀ ਆਤਮ ਵਿਕਾਸ ਅਤੇ ਅਧਿਆਤਮਕ ਪ੍ਰਗਤੀ ਲਈ ਲਾ ਦੇਵਾਂਗੇ। ਗੁਰੂ ਰਾਮਦਾਸ ਜੀ ਸਾਨੂੰ ਇਹ ਦਸਦੇ ਹਨ ਕਿ ਮਨੁੱਖਾ ਜੀਵਨ ਇਕ ਮਹਾਨ ਵੰਗਾਰ ਹੈ ਅਤੇ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ?

*ਮਾਣਸ ਜਨਮੁ ਪੁੰਨਿ ਕਰਿ ਪਾਇਆ ...*

ਗੁਰੂ ਰਾਮਦਾਸ ਜੀ ਅਨੁਸਾਰ, ਮਨੁੱਖਾ ਜੀਵਨ ਦਾ ਕੋਈ ਮਨੋਰਥ ਹੈ, ਉਸ ਦੀ ਇਕ ਮੰਜ਼ਲ ਹੈ। ਉਸ ਨੇ ਇਥੇ ਆ ਕੇ ਨਾਮ ਦਾ ਧਨ ਸੰਚਣਾ ਹੈ। ਗੁਰੂ ਰਾਮਦਾਸ ਫੁਰਮਾਂਦੇ ਹਨ :-

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*

*ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*

ਫਿਰ ਉਸ ਦੇ ਜੀਵਨ ਮਾਰਗ ਵਿਚ ਖਤਰਨਾਕ ਰੁਕਾਵਟ ਹੈ :- ਹਉਮੈ ਮਨੁਖ ਦਾ ਆਪਾ, ਜੋ ਆਪਣੇ ਸੁਖ ਆਰਾਮ ਵਿਚ ਆਪਣੀਆਂ ਇਛਾਵਾਂ, ਦੂਜਿਆਂ ਦੀਆਂ ਇਛਾਵਾਂ ਨੂੰ ਲਿਤਾੜ ਕੇ ਪੂਰੀਆਂ ਕਰਨੀਆਂ ਚਾਹੁੰਦਾ ਹੈ, ਜਿਸ ਦੇ ਫਲਸਰੂਪ ਉਹ ਸੰਸਾਰਕ ਰਸਾਂ ਕਸਾਂ ਵਿਚ ਹੋਰ ਫਸੀ ਜਾਂਦਾ ਹੈ, ਹਉਮੈ ਦੀ ਦੀਵਾਰ ਉਸ ਦੇ ਅਤੇ ਪਰਮਾਤਮਾ ਵਿਚ ਆ ਕੇ ਖਲੋ ਜਾਂਦੀ ਹੈ। ਹਉਮੈ ਦੀ ਭਾਵਨਾ, ਪਰਮਾਤਮਾ ਅੱਗੇ ਆਪਾ ਸਮਰਪਣ ਕਰਨ ਅਤੇ ਉਸ ਦੇ ਭਾਣੇ ਵਿਚ ਰਹਿਣ ਨਾਲ ਹੀ ਦੂਰ ਹੋ ਸਕਦੀ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ :-

*ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਐ॥*

ਤਿਆਗ ਹੀ ਪਰਮ ਅਨੰਦ ਦਾ ਰਾਜ਼ ਹੈ, ਦੁੱਖਾਂ ਵਿਚ ਵੀ, ਰੱਬ ਦਾ ਬੰਦਾ ਦੁਖ ਮਹਿਸੂਸ ਨਹੀਂ ਕਰਦਾ, ਕਿਉਂਕਿ ਇਹ ਤਾਂ ਪਰਮਾਤਮਾ ਦੇ ਦਿੱਤੇ ਹੋਏ ਹੁੰਦੇ ਹਨ :-

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੁਖ ਮਨਾਈ॥*

### ਮੁਕਤੀ ਦਾ ਮਾਰਗ

ਸ਼ਿਸ਼ ਦੀਆਂ ਸਿੱਖਿਆ ਵਿਚ ਗੁਰੂ ਇਕ ਕੇਂਦਰੀ ਸ਼ਕਤੀ ਅਤੇ ਧੁਰਾ ਹੁੰਦਾ ਹੈ। ਗੁਰੂ ਰਾਮਦਾਸ ਜੀ ਗੁਰੂ ਦੀ ਲੋੜ ਉਪਰ ਜ਼ੋਰ ਦੇਂਦੇ ਹਨ ਉਨ੍ਹਾਂ ਦੀ ਬਾਈ ਸਾਲ ਦੀ ਇਕ ਸੱਚੇ ਸੇਵਕ ਵਾਂਗ ਸਾਧਨਾ ਨੇ ਉਹਨਾਂ ਲਈ ਪੂਰਨ ਗੁਰੂ ਦੀ ਅਗਵਾਈ ਅਤੇ ਗੁਣਾਂ ਦੀ ਲੋੜ ਨੂੰ ਸਾਬਤ ਕਰ ਦਿੱਤਾ, ਜੋ ਆਪੂੰ ਅਧਿਆਤਮਕ ਮਾਰਗ ਤੇ ਚੱਲਿਆ ਹੋਵੇ ਅਤੇ ਦੂਜਿਆਂ ਦੀ ਅਗਵਾਈ ਕਰਨ ਦੇ ਜੋਗ ਹੋਵੇ।

### ਗੁਰੂ

ਗੁਰੂ ਰਾਮਦਾਸ ਜੀ ਗੁਰੂ ਨੂੰ ਇਕ ਪ੍ਰਕਾਰ ਦੀ ਕਿਸ਼ਤੀ ਜਾਂ ਸਮੁੰਦਰੀ ਜ਼ਹਾਜ ਸਮਝਦੇ ਹਨ, ਜੋ ਤ੍ਰਿਸ਼ਨਾਵਾਂ ਭਰੇ ਸੰਸਾਰ ਸਾਗਰ ਤੋਂ ਮਨੁੱਖ ਨੂੰ ਪਾਰ ਕਰ ਸਕੇ। ਜੋ ਮਨੁੱਖ ਅਤੇ ਪਰਮਾਤਮਾ ਵਿਚਕਾਰ ਵਿਚੋਲਾ ਹੋਵੇ। ਉਹ ਗੁਰੂ ਨੂੰ ਇਕ ਅਜਿਹੇ ਵਪਾਰੀ ਨਾਲ ਤੁਲਨਾ ਦੇਂਦੇ ਹਨ ਜੋ ਵਾਹਿਗੁਰੂ ਦੇ ਨਾਮ ਦਾ ਵਣਜ ਕਰਦਾ ਹੋਵੇ, ਅਤੇ ਉਸ ਦੇ ਪਵਿੱਤਰ ਨਾਮ ਦਾ ਇਕ ਹਿੱਸਾ ਆਪਣੇ ਸੇਵਕ ਨੂੰ ਪ੍ਰਦਾਨ ਕਰੇ। ਜਿਹੜੇ ਸੱਚੇ ਗੁਰੂ ਦੇ ਉਪਦੇਸ਼ ਤੇ ਪੂਰੀ ਸਿਦਕ ਦਿਲੀ ਨਾਲ ਅਮਲ ਕਰਦੇ ਹਨ, ਉਹ ਉਸ ਵਰਗੇ ਹੋ ਜਾਂਦੇ ਹਨ:-

*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥*

ਗੁਰੂ ਰਾਮਦਾਸ ਜੀ, ਤੀਜੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਪੂਰੀ ਤਰ੍ਹਾਂ ਇਕ ਸਿੱਖ ਵਾਂਗ ਰਹਿੰਦੇ ਸਨ। ਆਪ ਜੀ ਗੁਰੂ ਲਈ ਆਪਣੀ ਬਿਹਬਲਤਾ ਤੇ ਪਿਆਰ ਨੂੰ ਇਉਂ ਪ੍ਰਗਟ ਕਰਦੇ ਹਨ :-

*ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥*
*ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥*

ਗੁਰੂ ਰਾਮਦਾਸ ਅਨੁਸਾਰ, ਗੁਰੂ ਅਤੇ ਸਿੱਖ ਦਾ ਪਿਆਰ ਇਕ ਪਿਤਾ ਅਤੇ ਲਾਚਾਰ ਬੱਚੇ ਸਮਾਨ ਹੈ, ਪਤੀ ਪ੍ਰਤੀ ਉਸ ਦੀ ਯੁਵਾ ਇਸਤਰੀ ਦੇ ਸਮਾਨ ਹੈ, ਆਪਣੇ ਮਾਲਕ ਪ੍ਰਤੀ ਉਸਦੇ ਸੇਵਕ ਦੀ ਸੇਵਾ-ਭਾਵਨਾ ਵਾਂਗ ਹੈ। ਇਸ ਸੱਚੇ ਪਿਆਰ ਵਿਚ ਰੰਚਕ ਮਾਤਰ ਵੀ ਹਉਮੈ ਲਈ ਥਾਂ ਨਹੀਂ ਹੁੰਦੀ।

*ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ॥*
*ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ॥*

ਗੁਰੂ ਸਿੱਖ ਵਿਚਲੀ ਹਉਮੈ ਨੂੰ ਖਤਮ ਕਰ ਦਿੰਦਾ ਹੈ, ਜਿਹੜੀ ਉਸਦੇ ਅਤੇ ਪਰਮਾਤਮਾ ਵਿਚਕਾਰ ਦੀਵਾਰ ਬਣ ਕੇ ਖੜੀ ਹੁੰਦੀ ਹੈ। ਗੁਰੂ ਅਧਿਆਤਮਕ ਮਾਰਗ ਉਪਰ ਆਪਣੇ ਭਗਤ ਦੀ ਅਗਵਾਈ ਕਰਦਾ ਹੈ, ਕਿਉਂਕਿ ਉਹ ਆਪਣੇ ਗੁਰੂ ਦੇ ਉਪਦੇਸ਼ ਮੰਨਣ ਮਗਰੋਂ ਤਿੰਨ ਪੜਾਵਾਂ ਵਿਚੋਂ ਲੰਘਦਾ ਹੈ ਅਤੇ ਆਪਣੇ ਮਨ ਵਿਚ ਉਹਨਾਂ ਨੂੰ ਮੰਨ ਕੇ ਉਹਨਾਂ ਉਪਰ ਮਨ, ਬਚਨ ਤੇ ਕਰਮ ਰਾਹੀਂ ਅਮਲ ਕਰਦਾ ਹੈ :-

*ਸਤਿਗੁਰ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥*
*ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥*

ਗੁਰੂ ਵਾਂਗ ਹੀ, ਸਿੱਖ ਦੇ ਅਧਿਆਤਮਕ ਵਿਕਾਸ ਲਈ ਸਾਧ ਸੰਗਤ ਵੀ ਉੱਨੀ ਹੀ ਲਾਹੇਵੰਦ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ :-

*ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥*

### ਨਾਮ/ਅੰਮ੍ਰਿਤ/ਕੀਰਤਨ

ਗੁਰਬਾਣੀ ਜਾਂ ਨਾਮ ਉਪਰ ਧਿਆਨ ਲਗਾਉਣਾ ਸਿੱਖ

ਧਰਮ ਦਾ ਬੁਨਿਆਦੀ ਕਰਮ ਹੈ। ਨਾਮ ਬ੍ਰਹਿਮੰਡੀ ਸ਼ਕਤੀ ਹੈ, ਸਰਬ ਵਿਆਪੀ ਰੱਬੀ ਸੱਤਾ ਹੈ ਪਰੰਤੂ ਇਹ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ, ਜੋ ਇਸ ਦੇ ਭੇਦ ਨੂੰ ਜਾਣਦਾ ਹੋਵੇ।

ਕੀਰਤਨ, ਜਿਸ ਰਾਹੀਂ ਪ੍ਰਭੂ ਦੀ ਮਹਿਮਾ ਗਾਈ ਜਾਂਦੀ ਹੈ, ਮਨੁੱਖ ਨੂੰ ਉਸਦੇ ਭੌਤਿਕ ਵਾਤਾਵਰਣ ਤੋਂ ਅੱਡ ਕਰਕੇ ਉਸ ਅੰਤਰੀਵ ਚੇਤੰਨਤਾ ਵਲ ਲੈ ਜਾਂਦਾ ਹੈ, ਕਿਉਂਕਿ ਕੀਰਤਨ ਹੋਰ ਕੁਝ ਨਹੀਂ, ਸਿਰਫ ਨਾਮ ਹੀ ਹੁੰਦਾ ਹੈ। ਕੀਰਤਨ ਕਰਨ ਲੱਗਿਆ ਮਨੁੱਖ ਗੁਰੂ ਨੂੰ ਹਾਜ਼ਰ ਨਾਜ਼ਰ ਅਨੁਭਵ ਕਰਦਾ ਹੈ। ਫਿਰ ਗੁਰੂ ਉਸ ਨੂੰ ਸ਼ਬਦ ਵਲ ਲੈ ਜਾਂਦਾ ਹੈ ਅਤੇ ਇੰਜ ਨਾਮ ਉਪਰ ਧਿਆਨ ਲਗਾਉਣ ਨਾਲ ਉਸ ਵਿਚ ਖੇੜਾ ਅਤੇ ਸੰਤੋਖ ਪੈਦਾ ਹੋ ਜਾਂਦਾ ਹੈ, ਜਿਸ ਨੂੰ ਗੁਰੂ ਰਾਮਦਾਸ ਜੀ ਅੰਮ੍ਰਿਤ-ਰਸ ਜਾਂ ਮਹਾ-ਰਸ ਜਾਂ ਹਰਿ-ਰਸ ਦਾ ਨਾਂ ਦੇਂਦੇ ਹਨ। ਇਹ ਅਨੰਦ ਉਸਨੂੰ ਵਿਸਮਾਦੀ ਅਵਸਥਾ ਵਿਚ ਲੈ ਜਾਂਦਾ ਹੈ -

*ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ॥*
*ਅੰਮ੍ਰਿਤ ਨਾਮੁ ਮਹਾ ਰਸ ਮੀਠਾ ਗੁਰ ਸਬਦੀ ਚਖਿ ਜਾਪੈ॥*

ਨਾਮ ਦਾ ਤਜਰਬਾ ਸਾਰਥਕ ਹੁੰਦਾ ਹੈ ਅਤੇ ਉਹ ਇਵੇਂ ਹੀ ਸੱਚਾ ਹੁੰਦਾ ਹੈ ਜਿਵੇਂ ਕੋਈ ਭੌਤਿਕ ਵਸਤੂ ਹੋਵੇ। ਗੁਰੂ ਰਾਮਦਾਸ ਜੀ ਨਾਮ ਦੀ ਇਕ ਅਮੁੱਲੇ ਮਾਣਕ ਨਾਲ ਤੁਲਨਾ ਕਰਦੇ ਹਨ। ਗੁਰੂ ਜੀ ਉਸ ਨੂੰ ਸਿੱਖ ਦੇ ਸਾਹਮਣੇ ਰੱਖ ਕੇ ਉਸ ਦੀ ਸੁੰਦਰਤਾ ਅਤੇ ਕੀਮਤ ਨੂੰ ਇੰਜ ਬਿਆਨਦੇ ਹਨ :-

*ਨਾਮ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*

ਗੁਰੂ ਰਾਮਦਾਸ ਜੀ ਉਸ ਅਨਹਦ ਨਾਦ ਦਾ ਜ਼ਿਕਰ ਕਰਦੇ ਹਨ, ਜਿਹੜਾ ਸਿਰਫ ਸੱਚੇ ਭਗਤ ਨੂੰ ਹੀ ਸੁਣੀਂਦਾ ਹੈ। ਜੋ ਸੱਚਾ ਯੋਗੀ ਹੈ ਜਦੋਂ ਉਹ ਨਾਮ ਜਪ ਰਿਹਾ ਹੁੰਦਾ ਹੈ, ਉਸਦਾ ਦਿਲ ਅੰਦਰਲੀ ਟੇਕ ਤੇ ਅੰਮ੍ਰਿਤ ਨਾਮ ਸ਼ਰਸ਼ਾਰ ਹੋਇਆ ਹੁੰਦਾ ਹੈ।

*ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ*
*ਮਨੁ ਭੀਨਾ ਨਿਜ ਘਰਿ ਆਵੈਗੋ॥*
*ਤਹ ਅਨਹਤ ਧੁਨੀ ਬਾਜਹਿ ਨਿਤ*
*ਬਾਜੇ ਨੀਝਰ ਧਾਰ ਚੁਆਵੈਗੋ॥*

ਕੀਰਤਨ ਸਿੱਖ ਧਰਮ ਨੂੰ ਇਕ ਲਾਸਾਨੀ ਦੇਣ ਹੈ ਅਤੇ ਮਨੁੱਖ ਦੀ ਅੰਤਰ-ਆਤਮਾ ਨੂੰ ਗੁਰੂ ਨਾਲ ਮਿਲਾਉਣ ਦਾ ਇਕ ਸ਼ਕਤੀਸ਼ਾਲੀ ਸਾਧਨ ਹੈ। ਗੁਰਬਾਣੀ ਅਤੇ ਕੀਰਤਨ ਦੇ ਗੁਣ ਸਰਬ-ਪੱਖੀ ਹਨ। ਪਹਿਲਾਂ, ਜਿਵੇਂ ਸਾਬਣ ਨਾਲ ਮੈਲ ਧੋਤੀ ਜਾਂਦੀ ਹੈ, ਇਵੇਂ ਹੀ ਨਾਮ ਨਾਲ ਮਨ ਅੰਦਰ ਦੀ ਮੈਲ ਧੋਤੀ ਜਾਂਦੀ ਹੈ।

*ਤਿਨ ਕੇ ਪਾਪ ਦੋਖ ਸਭਿ ਬਿਨਸੇ*
*ਜਿਨ ਮਨਿ ਚਿਤਿ ਇਕੁ ਅਰਾਧਿਆ॥*

ਦੂਜਾ ਇਸ ਰਾਹੀਂ ਮਨੁੱਖ ਸੇਵਾ, ਸਦਗੁਣ ਅਤੇ ਪ੍ਰੇਮਾ ਭਗਤੀ ਵਾਲਾ ਜੀਵਨ ਜੀਣ ਦੇ ਯੋਗ ਹੋ ਜਾਂਦਾ ਹੈ। ਉਹਨੂੰ ਆਪਣੇ ਅੰਦਰ ਦੀ ਜੋਤ ਤੋਂ ਚਾਨਣਾ ਮਿਲਦਾ ਹੈ ਅਤੇ ਇੰਜ ਉਸ ਦੇ ਚਾਨਣ ਵਿਚ ਉਹ ਆਪਣਾ ਦੈਨਿਕ ਕਾਰ-ਵਿਹਾਰ ਸ਼ਾਂਤੀ ਤੇ ਖੁਸ਼ੀ ਨਾਲ ਕਰਦਾ ਹੈ।

## ਭਗਤੀ ਅਤੇ ਨਿਮਰਤਾ

ਭਗਤੀ ਦਾ ਮਤਲਬ ਹੈ ਗੁਰੂ ਲਈ ਤੀਬਰ ਪਿਆਰ ਤੇ ਸਨਮਾਨ ਅਤੇ ਨਾਮ ਵਿਚ ਲੀਨਤਾ। ਗੁਰੂ ਰਾਮਦਾਸ ਅਨੁਸਾਰ, ਜਿਵੇਂ ਇਕ ਨਸ਼ਈ ਨਸ਼ੇ ਬਿਨਾਂ ਨਹੀਂ ਰਹਿ ਸਕਦਾ, ਏਵੇਂ ਹੀ ਇਕ ਭਗਤ, ਗੁਰੂ ਜਾਂ ਪਰਮਾਤਮਾ ਦੀ ਭਗਤੀ ਬਿਨਾਂ ਨਹੀਂ ਰਹਿ ਸਕਦਾ। ਗੁਰੂ ਭਗਤ ਦੀ ਇਕ ਮਛਲੀ ਨਾਲ ਤੁਲਨਾ ਦੇਂਦੇ ਹਨ, ਆਪ ਦਾ ਫੁਰਮਾਨ ਹੈ :-

*ਮੇਰੈ ਮਨਿ ਐਸੀ ਭਗਤਿ ਬਨਿ ਆਈ॥*
*ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਊ॥*
*ਜੈਸੇ ਜਲ ਬਿਨੁ ਮੀਨੁ ਮਰਿ ਜਾਈ॥*

ਸਿੱਖ ਤਾਂ ਆਪਣਾ ਸਭ ਕੁਝ ਤਨ, ਮਨ ਅਤੇ ਆਤਮਾ, ਆਪਣੇ ਗੁਰੂ ਦੇ ਅਰਪਣ ਕਰ ਦੇਂਦਾ ਹੈ :-

*ਮਨੁ ਬੁਧਿ ਅਰਪਿ ਧਰਉ ਗੁਰ ਆਗੈ*
*ਗੁਰ ਪਰਸਾਦੀ ਮੈ ਅਕਥੁ ਕਥਈਆ॥*

ਭਗਤ ਇਹ ਮਹਿਸੂਸ ਕਰਦਾ ਹੈ ਕਿ ਉਸ ਵਿਚ ਕੋਈ ਗੁਣ ਨਹੀਂ, ਪਰ ਇਹ ਗੁਰੂ ਦੀ ਮਹਾਨਤਾ ਹੈ ਕਿ ਉਸ ਨੂੰ ਸੇਵਾ-ਭਗਤੀ ਲਈ ਚੁਣਿਆ ਗਿਆ ਹੈ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :-

*ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥*
*ਹਮ ਚੇਰੀ ਤੂੰ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ॥*
*ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ॥*
*ਜਨ ਕੀ ਉਪਮਾ ਤੁਝਹਿ ਵਡਈਆ॥ਰਹਾਓ॥*

## ਰੱਬੀ ਮਿਹਰ (ਕਿਰਪਾ)

ਸਿੱਖ ਧਰਮ ਕਿਰਪਾ (ਗੁਰ ਪ੍ਰਸਾਦਿ) ਦਾ ਧਰਮ ਹੈ। ਮਨੁੱਖ ਭਾਵੇਂ ਆਪਣੀ ਕਿੰਨੀ ਵਾਹ ਲਾਵੇ, ਪਰ ਉਹ ਰੱਬੀ ਮਿਹਰ ਤੋਂ ਬਿਨਾਂ ਸਫਲ ਨਹੀਂ ਹੋ ਸਕਦਾ। ਇਹ ਵਾਹਿਗੁਰੂ

ਦੇ ਵਸ ਹੀ ਹੈ ਕਿ ਉਹ ਆਪਣੇ ਭਗਤ ਦੀ ਸੇਵਾ ਕਬੂਲ ਕਰੇ ਜਾਂ ਨਾ ਕਰੇ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :-

*ਸਭ ਤੇਰੀ ਤੂੰ ਸਭਨੀ ਧਿਆਇਆ॥*
*ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥*

ਕਿਸੇ ਵੇਲੇ ਆਪਣੇ ਭਗਤ ਦੀ ਸ਼ਰਧਾ ਦੀ ਥਾਹ ਲੈਣ ਲਈ ਪਰਮਾਤਮਾ ਉਸ ਨੂੰ ਦੁਖ ਅਤੇ ਕਸ਼ਟ ਵੀ ਦਿੰਦਾ ਹੈ। ਫਿਰ ਪਰਮਾਤਮਾ ਉਹਨਾਂ ਉਪਰ ਆਪਣੀ ਬਖਸ਼ਿਸ਼ ਦੀ ਛਹਿਬਰ ਲਾ ਦਿੰਦੇ ਹਨ, ਜਿਹੜੇ ਉਸਦੇ ਮਾਰਗ ਤੇ ਸ਼ੁਕਰ ਤੇ ਸੰਤੋਖ ਨਾਲ ਚਲਦੇ ਹਨ :-

*ਭਗਤਾ ਕਉ ਨਾਮੁ ਅਧਾਰੁ ਹੈ ਨਾਮੇ ਸੁਖੁ ਹੋਈ॥*

**ਅੰਤਮ ਪੜਾਅ : ਮਿਲਾਪ/ਪਰਮ ਅਨੰਦ**

ਭਗਤ ਦੀ ਅੰਤਮ ਹਾਲਤ ਦਾ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ। ਸਿਰਫ ਉਹੀ ਇਸ ਅਵਸਥਾ ਨੂੰ ਜਾਣ ਸਕਦੇ ਹਨ ਜਿਨ੍ਹਾਂ ਇਸ ਰਸ ਨੂੰ ਚਖਿਆ ਹੋਵੇ। ਗੁਰੂ ਜੀ ਸਾਨੂੰ ਦਸਦੇ ਹਨ ਜਿਵੇਂ ਕੋਈ ਗੂੰਗਾ ਸਾਨੂੰ ਮਠਿਆਈ ਦਾ ਸੁਆਦ ਨਹੀਂ ਦਸ ਸਕਦਾ ਏਸੇ ਤਰ੍ਹਾਂ ਹੀ ਪਰਮਾਤਮਾ ਦੇ ਰਸ ਵਿਚ ਲੀਨ ਮਨੁੱਖ ਪਰਮ ਅਨੰਦ ਦੀ ਅਵਸਥਾ ਨੂੰ ਬਿਆਨ ਨਹੀਂ ਕਰ ਸਕਦਾ। ਗੁਰੂ ਅਜਿਹੀ ਆਤਮਾ ਨੂੰ ਬ੍ਰਹਮ ਗਿਆਨ ਜਾਂ ਜੀਵਨ ਮੁਕਤ ਦਾ ਨਾਂ ਦੇਂਦੇ ਹਨ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :-

*ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ*
*ਮਨਿ ਲਾਗਾ ਗੁਰਮਤਿ ਭਾਉ ਜੀਉ॥*
*ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ*
*ਹਰਿ ਲਾਹਾ ਪਦੁ ਨਿਰਬਾਣੁ ਜੀਉ॥*

ਇਹੀ ਮਨੁੱਖ ਦੀ ਅੰਤਮ ਹੋਣੀ ਹੈ, ਅੰਤਮ ਅਵਸਥਾ ਹੈ, ਜਿਹੜੀ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਵਿਚ ਪ੍ਰਾਪਤ ਕੀਤੀ ਅਤੇ ਫਿਰ ਇਸ ਬ੍ਰਹਮ ਜੋਤੀ ਨੂੰ ਉਹਨਾਂ ਨੇ ਆਪਣੇ ਸਪੁੱਤਰ ਗੁਰੂ ਅਰਜਨ ਵਿਚ ਪਰਵੇਸ਼ ਕਰ ਦਿੱਤਾ।

## *(ਪੰਨਾ 9 ਦੀ ਬਾਕੀ)*

*ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥*
*ਅਗਮ ਅਗੋਚਰ ਪ੍ਰਭੁ ਅਬਿਨਾਸੀ, ਪੂਰੇ ਗੁਰ ਤੇ ਜਾਤੇ॥੨॥*
*ਅੰਗ - ੨੦੨*

*ਹਰਿ ਕੇ ਸੰਤ ਸੁਣਹੁ ਜਨ ਭਾਈ,*
*ਹਰਿ ਸਤਿਗੁਰ ਕੀ ਇਕ ਸਾਖੀ॥*
*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ,*
*ਤਿਨਿ ਜਨਿ ਲੈ ਹਿਰਦੈ ਰਾਖੀ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ,*
*ਗੁਰ ਬਚਨੀ ਸਹਜੇ ਚਾਖੀ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ,*
*ਜਿਉ ਸੂਰਜ ਰੈਣਿ ਕਿਰਾਖੀ॥*
*ਅਦਿਸਟੁ ਅਗੋਚਰ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥੧੨॥ ਅੰਗ - ੮੭*

ਜਿਸ ਕਿਸੇ ਨੂੰ ਇਸ ਅਦ੍ਰਿਸ਼ਟ ਦੇ ਦਿਸ਼ਵਾਰ ਦਿਸਣ-ਦੀਦਾਰ ਹੁੰਦੇ ਹਨ ਤਿਨ੍ਹਾਂ ਦਾ ਕਹਿਣਾ ਸਾਖ ਭਰਨਾ ਬਣਦਾ ਹੈ। ਦ੍ਰਿਸ਼ਟ-ਦਿਸੇ ਦੇਖੇ ਬਿਹੂਣ ਐਵੇਂ ਕਹਿਣਾ ਕਥਨਾ ਬਿਰਥਾ ਹੀ ਜਾਂਦਾ ਹੈ। ਗੁਰਮੁਖਾਂ ਨੂੰ ਅਦ੍ਰਿਸ਼ਟ ਦੇ ਸਹਿਜ ਸੁਭਾਇ ਹੀ ਦਿਸ਼ਟ-ਦੀਦਾਰ ਹੋ ਜਾਂਦੇ ਹਨ। ਤਿਨ੍ਹਾਂ ਦੀ ਸੇਵਾ ਸਿਮਰਨ ਸੁਰਤਿ ਏਕ ਦੀ ਲਿਵਤਾਰ ਵਿਚ ਜੁੜੀ ਰਹਿੰਦੀ ਹੈ। ਯਥਾ ਗੁਰਵਾਕ -

*ਅਦਿਸਟੁ ਦਿਸੈ ਤਾ ਕਹਿਆ ਜਾਇ॥*
*ਬਿਨੁ ਦੇਖੇ ਕਹਣਾ ਬਿਰਥਾ ਜਾਇ॥*
*ਗੁਰਮੁਖਿ ਦੀਸੈ ਸਹਜਿ ਸੁਭਾਇ॥*
*ਸੇਵਾ ਸੁਰਤਿ ਏਕ ਲਿਵ ਲਾਇ॥੧॥ ਅੰਗ - ੨੨੨*

ਹੋਰ ਨਿਜ ਪ੍ਰਾਨ ਮਾਨ ਵਰਤੀ ਸਾਖਾ :-

*ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ,*
*ਸਭੁ ਸੰਸਾ ਦੂਖੁ ਗਵਾਇਆ॥*
*ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ,*
*ਪਵਿਤ੍ਰੁ ਪਰਮ ਪਦੁ ਪਾਇਆ॥ ਅੰਗ - ੪*

ਪੇਖਨਹਾਰਿਆਂ ਦੀ ਸਮਦ੍ਰਿਸ਼ਟਤਾ -

*ਸਭੁ ਕਰਤਾ ਸਭੁ ਭੁਗਤਾ॥੧॥ਰਹਾਉ॥*
*ਸੁਨਤੋ ਕਰਤਾ ਪੇਖਤ ਕਰਤਾ॥*
*ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ॥*
*ਓਪਤਿ ਕਰਤਾ ਪਰਲਉ ਕਰਤਾ॥*
*ਬਿਆਪਤ ਕਰਤਾ ਅਲਿਪਤੋ ਕਰਤਾ॥੧॥*
*ਬਰਤੋ ਕਰਤਾ ਬੂਝਤ ਕਰਤਾ॥*
*ਆਵਤੁ ਕਰਤਾ ਜਾਤੁ ਭੀ ਕਰਤਾ॥*
*ਨਿਰਗੁਨ ਕਰਤਾ ਸਰਗੁਨ ਕਰਤਾ॥*
*ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥੨॥*

# ਸ੍ਰੀ ਗੁਰੂ ਰਾਮਦਾਸ ਜੀ

*[ਪ੍ਰੋ. ਬਲਵਿੰਦਰ ਸਿੰਘ ਜੋੜਾ ਸਿੰਘਾ]*

ਸ੍ਰੀ ਗੁਰੂ ਨਾਨਕ ਜੀ 'ਤੇ ਪ੍ਰਜਵਲਿਤ ਹੋਈ ਨਿਰੰਕਾਰੀ ਜੋਤ ਨੇ ਜਦ ਚੌਥੀ ਵਾਰ ਕਾਇਆ ਪਲਟੀ ਤਾਂ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਗੁਰਿਆਈ ਗੱਦੀ ਤੇ ਬਿਰਾਜਮਾਨ ਹੋਏ। ਕੌਣ ਕਹਿੰਦਾ ਸੀ, ਕੌਣ ਮੰਨਦਾ ਸੀ ਕਿ ਗੁਰਿਆਈ ਦੇ ਤਖਤ ਦਾ ਮਾਣ, ਇਕ ਸਾਧਾਰਣ, ਇਸ ਘੁੰਗਣੀਆਂ ਵੇਚਣ ਵਾਲੇ ਰੁਲਦੇ ਫਿਰਦੇ ਨੂੰ ਨਸੀਬ ਹੋਵੇਗਾ। ਪਰ ਇਹ ਹੋਇਆ। ਇਹ ਮੰਨਿਆ ਗਿਆ ਤੇ ਫਿਰ ਕਿਹਾ। ਬਾਣੀਕਾਰ ਭੱਟ ਇਸ ਦੀ ਪੁਸ਼ਟੀ ਕਰਦੇ ਹਨ:

***ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥***
***ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥***
***ਲਹਣੈ ਪੰਥੁ ਧਰਮ ਕਾ ਕੀਆ॥***
***ਅਮਰਦਾਸ ਭਲੇ ਕਉ ਦੀਆ॥***
***ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥***
***ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥ ਅੰਗ - ੧੪੦੧***

***ਸਭ ਬਿਧਿ ਮਾਨ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ***
***ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥***
***ਅੰਗ - ੧੩੯੯***

**ਮੁਢਲਾ ਜੀਵਨ**

ਗੁਰੂ ਰਾਮਦਾਸ ਜੀ ਦਾ ਜਨਮ ਰਾਵੀ ਦੇ ਕਿਨਾਰੇ ਵਸੇ ਸੁੰਦਰ ਸ਼ਹਿਰ ਲਾਹੌਰ ਦੇ ਸੋਢੀ ਠਾਕੁਰ ਦਾਸ ਦੇ ਪੁੱਤਰ ਹਰਿਦਾਸ ਦੇ ਘਰ ਮਾਤਾ ਦਯਾ ਕੌਰ (ਬੀਬੀ ਅਨੂਪੀ) ਦੀ ਕੁਖੋਂ ਕੱਤਕ ਵਦੀ ਦੇ ੧੫੯੧ ਨੂੰ ਮੁਤਾਬਿਕ ੨੪ ਸਤੰਬਰ੧੫੩੪ ਨੂੰ ਹੋਇਆ। ਪਹਿਲੀ ਔਲਾਦ ਹੋਣ ਕਰਕੇ ਨਾਂ ਰੱਖਿਆ ਜੇਠਾ। ਪਿਛੋਂ ਇਕ ਭਰਾ ਹਰਦਿਆਲ ਅਤੇ ਭੈਣ ਰਾਮਦਾਸੀ ਪੈਦਾ ਹੋਏ। ਬਾਲਕ ਬੁਧੀ ਦੇ ਵਿਕਾਸ ਦਾ ਵਕਤ ਹੀ ਸੀ ਕਿ ਮਾਤਾ ਜੀ ਚਲਾਣਾ ਕਰ ਗਏ। ਅਜੇ ਮਸਾਂ ਸੱਤਵਾਂ ਵਰ੍ਹਾ ਹੀ ਲੱਗਾ ਤਾਂ ਬਾਪੂ ਦਾ ਸਾਇਆ ਵੀ ਜਾਂਦਾ ਰਿਹਾ। ਇਸ ਤਰ੍ਹਾਂ ਹੱਸਣ ਤੇ ਖੇਡਣ-ਮੱਲ੍ਹਣ ਦੀ ਬਾਲੜੀ ਉਮਰੇ ਛੋਟੇ ਭੈਣ-ਭਰਾ ਦਾ ਬੋਝ ਆ ਪਿਆ। ਜੇਠਾ ਜੁ ਸੀ। ਸੁਹਣੇ, ਸੁਨੱਖੇ ਮੁਸਕਰਾਂਦੇ ਬਾਲਕ ਤੇ ਭਾਰ ਆ ਪਿਆ। ਮੈਕਾਲਫ ਕਹਿੰਦਾ ਹੈ ਉਹ ਸੁੰਦਰ ਤੇ ਸੁਣੱਖੇ ਸਨ ਤੇ ਹਸੂੰ ਹਸੂੰ ਕਰਦੇ ਰਹਿੰਦੇ ਸਨ ਪਰ ਸਨ ਬਾਲ ਉਮਰ ਵਿਚ ਹੀ ਸਿਆਣਿਆਂ ਵਾਂਗ ਕਹਿਣੀ ਤੇ ਕਰਨੀ ਦੇ ਮਾਲਕ:

***ਬਾਲ ਉਮਰ ਬ੍ਰਿਧਨ ਸੀ ਵਾਲੇ॥ (ਪੰਥ ਪ੍ਰਕਾਸ਼)***

ਫਿਰ ਆਪਣਾ ਤੇ ਪਰਿਵਾਰ ਦਾ ਪੇਟ ਭਰਨ ਲਈ ਕਿੱਤਾ ਅਪਣਾਇਆ ਘੁੰਗਣੀਆਂ ਵੇਚਣ ਦਾ। ਗੁਰੂ ਨਾਨਕ ਵਾਂਗ ਕਦੀ ਕਦੀ ਸੱਚਾ ਸੌਦਾ ਕਰ ਆਉਂਦੇ। ਬੱਚਿਆਂ ਨੂੰ ਅਨਾਥ ਵੇਖ ਕੇ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਏਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ। ਇਨ੍ਹਾਂ ਹੀ ਦਿਨਾਂ ਵਿਚ ਬਾਬਾ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆ ਚੁੱਕੇ ਸਨ। ਬਾਰਾਂ ਸਾਲ ਦੀ ਉਮਰ ਵਿਚ ਬਾਬਾ (ਗੁਰੂ) ਅਮਰਦਾਸ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ। ਜਦੋਂ ਗੋਇੰਦਵਾਲ ਬਣਨ ਲੱਗਾ ਤਾਂ ਨਾਨੀ, ਸਮੇਤ ਬਾਲਕ ਜੇਠਾ ਜੀ ਗੋਇੰਦਵਾਲ ਆ ਟਿਕੇ। ਗੁਰੂ -ਘਰ ਦੀ ਘਾਲ ਦੇ ਨਾਲ-ਨਾਲ ਘੁੰਗਣੀਆਂ ਵੇਚਣ ਦੀ ਕਿਰਤ ਵੀ ਕਰੀ ਜਾਂਦੇ। ਇਸ ਕਿਰਤ ਦੇ ਨਾਲ ਭਾਈ ਜੇਠਾ ਜੀ ਰੋਜ਼ ਗੁਰੂ-ਦਰਬਾਰ ਦੀ ਹਾਜਰੀ ਵੀ ਭਰਦੇ ਅਤੇ ਗੋਇੰਦਵਾਲ ਦੀ ਉਸਾਰੀ ਵਿਚ ਯਥਾ-ਸ਼ਕਤ ਸੇਵਾ ਵੀ ਕਰਦੇ। 'ਗੁਰੂ ਸਤਿਗੁਰੂ ਸੰਗ' ਰਿਸ਼ਤਾ ਬਣਨ ਦਾ ਵਕਤ ਸ਼ੁਰੂ ਹੋ ਚੁੱਕਾ ਸੀ। ਰੁਲਣ ਫਿਰਨ ਦੀਆਂ ਘੜੀਆਂ ਖਾਤਮੇ ਵੱਲ ਜਾ ਰਹੀਆਂ ਸਨ। ਸੇਵਾ ਵਿਚ ਜੁਟਿਆ ਇਕ ਦਿਨ ਸਤਿਗੁਰੂ ਜੀ ਦੀ ਮਿਹਰ-ਦ੍ਰਿਸ਼ਟੀ ਆਪ ਉੱਤੇ ਟਿਕੀ ਅਤੇ ਸੁਭਾਵਕ ਹੀ ਪ੍ਰਸ਼ਨ ਕੀਤਾ 'ਬਾਸਰਕੇ ਕਿਉਂ ਛੱਡ ਆਏ ਹੋ?' ਨਿਮਰਤਾ ਤੇ ਅਧੀਨਤਾ ਨਾਲ ਜੁਆਬ ਸੀ, 'ਸੰਸਾਰਕ ਲੋੜਾਂ ਤੇ ਸਰੀਰਕ ਖਾਹਿਸ਼ਾਂ ਤਜ ਕੇ ਏਥੇ ਆਇਆ ਹਾਂ।' ਬਸ ਫਿਰ ਕੀ ਸੀ, ਰਹਿਮਤਾਂ ਦੀ ਛਹਿਬਰ ਲੱਗ ਗਈ।

ਅਸੀਸ ਮਿਲੀ 'ਜੇ ਸੰਸਾਰਕ ਇਛਾਵਾਂ', ਲਾਲਸਾਵਾਂ ਤੇ ਮੋਹ ਪਰ੍ਹੇ ਹੱਟਾ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ। ਸੱਚਾ ਤਖਤ ਤੇ ਸੱਚੀ ਪਾਤਸ਼ਾਹੀ ਉਸੇ ਨੂੰ ਮਿਲਦੀ ਹੈ ਜੋ ਕਿਰਤ ਤੇ ਸੇਵਾ ਵਿਚ ਮਨ ਲਗਾਉਂਦਾ ਹੈ।" ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਅੰਗ ਨਾਲ ਲਾ ਲਿਆ।

## ਵਿਆਹ

ਗੁਰੂ ਅੰਗ-ਸੰਗ ਸੀ ਭਾਈ ਜੇਠੇ ਦੇ। ਮਾਤਾ ਮਨਸਾ ਦੇਵੀ (ਰਾਮੋ ਜੀ) ਨੇ ਜਵਾਨ ਹੋ ਰਹੀ ਬੀਬੀ ਭਾਨੀ ਦੀ ਚਿੰਤਾ ਗੁਰੂ ਜੀ ਸਨਮੁਖ ਕੀਤੀ ਤੇ 'ਵਰ ਕਿਹੋ ਜਿਹਾ' 'ਭਾਈ ਜੇਠੇ ਵਰਗਾ।' ਸੁਹਣਾ ਤੇ ਸੁਣੱਖਾ ਜੋ ਸੀ! 'ਫਿਰ ਭਾਈ ਜੇਠੇ ਵਰਗਾ ਤਾਂ ਜੇਠਾ ਹੀ ਹੈ', ਗੁਰੂ ਜੀ ਨੇ ਕਿਹਾ। ਕੈਸੀ ਰਹਿਮਤ ਸੀ ਇਕ ਅਨਾਥ, ਘੁੰਗਣੀਆਂ ਵੇਚਣ ਵਾਲੇ ਭਾਈ ਜੇਠੇ ਉੱਤੇ! ਪਹਿਲਾਂ ਮੰਗਣੀ ਤੇ ਫਿਰ ਦਸੰਬਰ, ੧੫੫੨ ਈ. ਨੂੰ ਵਿਆਹ ਹੋ ਗਿਆ।

ਗੁਰੂ ਘਰ ਦੇ ਮੇਲ ਤੇ ਸੰਗਤ ਦੀ ਰਹਿਨੁਮਾਈ ਹੇਠ ਗੁਰੂ-ਦਰਬਾਰ ਵਿਚ ਸੰਸਾਰਕ ਲੋੜਾਂ ਤਜ ਕੇ ਅਧਿਆਤਮਕ ਸੇਧ ਵੀ ਨਾਲ ਦੀ ਨਾਲ ਗ੍ਰਹਿਣ ਕਰੀ ਜਾਂਦੇ। ਦੁਨਿਆਵੀ ਤੇ ਅਧਿਆਤਮਕ ਵਿੱਦਿਆ ਦੀ ਪਾਠਸ਼ਾਲਾ ਗੁਰੂ-ਦਰਬਾਰ ਹੀ ਸੀ। ਗੁਰੂ ਨਾਲ ਰਿਸ਼ਤੇਦਾਰੀ ਵੀ ਅਤੇ ਮਿੱਟੀ ਚਿੱਕੜ ਦੀ ਸੇਵਾ ਵੀ। ਕਬੀਲੇ ਵਾਲਿਆਂ ਨੂੰ ਗੱਲ ਲਾਉਣ ਦਾ ਮੌਕਾ ਮਿਲਣਾ ਸੁਭਾਵਕ ਸੀ :-

*ਕੁਲ ਲਜਯਾ ਖੋਈ।*
*ਘਰ ਸੁਸਰਾਰਿ ਮ੍ਰਿਤਕਾ ਢੋਈ।*

ਪਰ ਇਹ ਮਿੱਟੀ ਦੀ ਟੋਕਰੀ ਕੁਲ-ਕਬੀਲੇ ਵਾਲਿਆਂ ਨੂੰ ਦਿੱਸਦੀ ਸੀ। ਹੈ ਤਾਂ ਉਹ ਜਗਤ ਦਾ ਛਤਰ ਸੀ! ਤਖਤ ਦਾ ਮਾਲਕ ਬਣਨ ਤੇ ਸਿਰ ਛਤਰ ਝੁਲਾਉਣ ਦੀ ਤਿਆਰੀ ਸੀ। ਇਹ ਬਿਧ ਸੀ, ਢੰਗ ਸੀ। ਪ੍ਰਸੰਨ ਹੋਣ ਦਾ, ਪ੍ਰਸੰਨਤਾ ਦੇਣ ਦਾ। ਭੱਟ ਨੱਲ ਜੀ ਇਸ ਦੀ ਸਾਹਦੀ ਭਰਦੇ ਹਨ :-

***ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ***
***ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥***
***ਅੰਗ - ੧੩੯੯***

ਗੁਰੂ ਅਮਰਦਾਸ ਜੀ ਲੋਕ-ਉਧਾਰ ਕਰਨ ਲਈ ਯਾਤਰਾ 'ਤੇ ਗਏ ਤਾਂ ਭਾਈ ਜੇਠਾ ਜੀ ਵੀ ਨਾਲ ਸਨ। ਲੋਕਾਂ ਦਾ ਕਾਰ-ਵਿਹਾਰ, ਗੁਰੂ ਦੀ ਮਹਿਮਾ ਡਿੱਠੀ। ਗੰਗਾ ਤੇ ਜਮਨਾ ਤੱਟ ਹੋਣੀਆਂ ਜੋਗੀਆਂ, ਦਿਗੰਬਰਾਂ, ਸੰਨਿਆਸੀਆਂ ਆਦਿ ਨਾਲ ਭੇਟ-ਵਾਰਤਾਵਾਂ ਤੱਕੀਆਂ। ਗੋਸ਼ਟਾਂ ਹੁੰਦੀਆਂ ਵੇਖੀਆਂ। ਜੀਵਨ ਲਈ ਇਹ ਸਭ ਕੁਝ ਨਵਾਂ ਸੀ। ਇਹਨਾਂ ਯਾਤਰਾਵਾਂ ਸੰਬੰਧੀ ਅੱਗੇ ਜਾ ਕੇ ਵਰਣਨ ਵੀ ਕਰਦੇ ਹਨ :-

***ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥ ਅੰਗ - ੧੧੧੬***

***ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ॥ (ਉਹੀ)***

## ਗੁਰਿਆਈ

ਸਮਾਂ ਆਣ ਪਹੁੰਚਾ ਸਿਰ ਛੱਤਰ ਦਾ! ਹੁਣ ਘਾਲ ਦਾ ਲੇਖਾ ਹੋਣਾ ਸੀ। ਗੁਰੂ-ਪੁੱਤਰ, ਵੱਡਾ ਸਾਂਢੂ ਭਾਈ ਰਾਮਾ ਸਭ ਤਿਆਰ ਸਨ, ਗੁਰਗੱਦੀ ਦੇ ਵਾਰਸ ਬਣਨ ਲਈ, ਪਰ ਘਾਲ ਦਾ ਝੋਲਾ ਖਾਲੀ ਸੀ। ਮਿੱਟੀ ਗਾਰੇ ਦਾ ਥੜਾ ਬਣਾਉਣਾ ਆਖਰੀ ਪਰੀਖਿਆ ਸੀ। ਇਮਤਿਹਾਨ ਪਾਸ ਹੋਣਾ ਲਾਜ਼ਮੀ ਸੀ। ਪੁੱਤਰ ਪਿੱਛੇ ਹਟ ਗਏ। ਭਾਈ ਰਾਮਾ ਥੋੜ੍ਹੇ ਚਿਰ ਲਈ ਅੱਗੇ ਆਇਆ। ਪਰ ਢਾਹੁਣ-ਬਣਾਉਣ ਤੋਂ ਅੱਕ ਗਿਆ। ਬਸ ਆਖਰੀ ਰੁਕਾਵਟ ਵੀ ਪਾਰ ਕਰ ਲਈ। ਸਭ ਸੰਗਤ ਵੇਖ ਰਹੀ ਸੀ। ਬਾਬਾ ਬੁੱਢਾ ਜੀ ਵੇਖ ਰਹੇ ਸਨ। ਘਾਲ ਸਫਲ ਹੋ ਗਈ। ਸਿਖਾਂ ਨੂੰ ਪੂਰਾ ਘੋਖ ਕੇ ਭਰੇ ਦਰਬਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ 'ਧੁਰਿ ਲਿਖਿਆ ਲੇਖੁ ਰਜਾਇ ਜੀਉ' ਦੇ ਹੁਕਮ ਅਨੁਸਾਰ ਉਹ ਜੇਠਾ ਜੀ ਨੂੰ ਗੁਰਗਦੀ ਦੇ ਰਹੇ ਹਨ। ਕਿਉਂਕਿ ਉਹਨਾਂ ਅਨੁਸਾਰ, ਜੇਠਾ ਜੀ ਹੀ ਮੇਰਾ ਭਾਵੀ ਰੂਪ ਹਨ।

ਭਾਈ ਗੁਰਦਾਸ ਜੀ ਤੇ ਹੋਰ ਸਮਕਾਲੀ ਗਵਾਹ ਹਨ। ਗੁਰਿਆਈ ਦਾ ਛਤਰ ਭਾਈ ਜੇਠਾ ਦੇ ਸਿਰ ਟਿਕਾਇਆ। ਭਾਈ ਜੇਠਾ ਸ੍ਰੀ ਗੁਰੂ ਰਾਮਦਾਸ ਬਣ ਗਏ:-

***ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ। (ਵਾਰ ੨੪:੧੪)***

***ਗੁਰ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ। (ਵਾਰ ੨੬:੩੪)***

ਗੁਰ-ਦਰਬਾਰ ਦੇ ਢਾਡੀ ਰਾਇ ਬਲਵੰਡ ਤੇ ਭਾਈ ਸੱਤਾ ਜੀ ਉਸ ਵਕਤ ਨੂੰ ਆਪਣੀ ਰਚਨਾ ਰਾਹੀਂ ਇਸ ਤਰ੍ਹਾਂ ਪੇਸ਼ ਕਰਦੇ ਹਨ :-

***ਧੰਨੁ ਧੰਨੁ ਰਾਮਦਾਸ ਗੁਰੁ***
***ਜਿਨਿ ਸਿਰਿਆ ਤਿਨੈ ਸਵਾਰਿਆ॥***
***ਪੂਰੀ ਹੋਈ ਕਰਾਮਾਤਿ ਆਪਿ***
***ਸਿਰਜਣਹਾਰੈ ਧਾਰਿਆ॥***

*ਸਿਖੀ ਅਤੈ ਸੰਗਤੀ ਪਾਰਬ੍ਰਹਮੁ*
*ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ*
*ਤੇਰਾ ਅੰਤੁ ਨ ਪਾਰਾਵਾਰਿਆ॥*
*ਜਿਨ੍ਹੀ ਤੂੰ ਸੇਵਿਆ ਭਾਉ ਕਰਿ*
*ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ*
*ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨੁ ਸੁ ਤੇਰਾ ਥਾਨੁ ਹੈ*
*ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ ਗੁਰੁ*
*ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ ਅੰਗ - ੯੬੮*

**ਬਾਣੀ ਆਵੇਸ਼**

ਜਿਉਂ ਹੀ ਨਿਰੰਕਾਰੀ ਜੋਤਿ ਜਾਗੀ, ਬਾਣੀ ਆਵੇਸ਼ ਸ਼ੁਰੂ ਹੋ ਗਿਆ। ਸ੍ਰੀ ਗੁਰੂ ਗ੍ਰੰਥ ਵਿਚਲੀ ਬਾਣੀ ਵਿਚੋਂ ੩੦ ਰਾਗਾਂ ਵਿਚ ਬਾਣੀ ਰਚਨਾ ਕੀਤੀ। ਕੁੱਲ ਪਦੇ ੨੪੫, ਅਸਟਪਦੀਆਂ ੩੧, ਛੰਤ ੩੨, ਸਲੋਕ ੧੩੨ ਵਾਰਾਂ ੮, ਪਉੜੀਆਂ ੧੮੩ ਹਨ।

**ਨਵੇਂ ਕੇਂਦਰੀ ਸਥਾਨ ਦਾ ਨਿਰਮਾਣ**

ਗੁਰੂ-ਘਰ ਦੀ ਰੀਤ ਅਨੁਸਾਰ ਪਹਿਲੇ ਕਰਤਾਰਪੁਰ ਤੋਂ ਖਡੂਰ, ਖਡੂਰ ਤੋਂ ਗੋਇੰਦਵਾਲ ਦੇ ਕੇਂਦਰੀ ਗੁਰ-ਅਸਥਾਨ ਹੋਂਦ ਵਿਚ ਆਏ। ਹੁਣ ਸ੍ਰੀ ਗੁਰੂ ਅਮਰਦਾਸ ਜੀ ਨੇ ਨਵੇਂ ਸਥਾਨ ਦੀ ਭਾਲ ਕਰ ਕੇ ਹੁਕਮ ਕੀਤਾ, 'ਗੁਰੂ ਚੱਕ' ਵਸਾਉਣ ਦਾ ਤੇ ਆਣ ਮੋਹੜੀ ਗੱਡੀ। ਪਰੰਪਰਾ ਇਹ ਵੀ ਹੈ ਕਿ ਇਸ ਪਾਵਨ ਅਸਥਾਨ ਨੂੰ ਸ੍ਰੀ ਗੁਰੂ ਨਾਨਕ ਜੀ ਦੇ ਰਚਨਾ ਦੀ ਛੂਹ ਪ੍ਰਾਪਤ ਸੀ। ਭਾਈ ਗੁਰਦਾਸ ਜੀ ਵੀ ਇਸ ਦੀ ਪੁਸ਼ਟੀ ਕਰਦੇ ਹਨ :

*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥*
*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।*
*(ਵਾਰ ੧ : ੪੭)*

**ਸ਼ਖਸੀਅਤ**

ਸ੍ਰੀ ਗੁਰੂ ਰਾਮਦਾਸ ਦੀ ਸ਼ਖਸੀਅਤ ਦੀ ਮਹਾਨਤਾ ਦੇ ਗੁਣ ਹੀ ਗੁਣ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਆਪਣੀ ਬਾਣੀ, ਭੱਟ, ਬਾਣੀਕਾਰਾਂ, ਸਤੇ ਤੇ ਬਲਵੰਡ ਦੀ ਬਾਣੀ, ਬਚਿੱਤ੍ਰ ਨਾਟਕ ਤੇ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਆਪ ਦੀ ਸ਼ਖਸੀਅਤ ਦੇ ਨਜ਼ਾਰੇ ਤੱਕਣ ਯੋਗ ਹਨ। ਮਨ ਖਿੜ ਉੱਠਦਾ ਹੈ ਅਜੇਹੇ ਪਰਉਪਕਾਰੀ ਗੁਰੂ ਦੀ ਸ਼ਖਸੀਅਤ ਦੀ ਝਲਕ 'ਤੇ! ਨਿਮਰਤਾ ਤੇ ਬੋਲਾਂ ਦੀ ਮਿਠਾਸ ਤਾਂ ਆਪ ਜੀ ਦੀ ਬਾਣੀ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਆਪਣੇ ਆਪ ਨੂੰ ਕੀੜਿਆਂ ਤੁਲ ਸਮਝਣਾ ਤੇ ਗੁਰੂ ਦੀ ਰਹਿਮਤ ਤੇ ਟੇਕ ਆਪ ਜੀ ਦੇ ਗੁਣ ਸਨ। ਪੁਸ਼ਟੀ ਹਿਤ ਆਪ ਜੀ ਦੇ ਫੁਰਮਾਨ ਹਨ :

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ ਅੰਗ - ੧੬੭*

ਰਾਗ-ਦੋਖ ਤੋਂ ਮੁਕਤ ਪੂਰਨ ਰਾਜ ਜੋਗੀ ਸਨ ਸ੍ਰੀ ਗੁਰੂ ਰਾਮਦਾਸ ਜੀ!

*ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗੁ ਵਰਤੈ ਵਰਤਾਰਾ।*
*(ਭਾਈ ਗੁਰਦਾਸ ਵਾਰ ੨੪ : ੧੪)*

ਆਪ ਪਰਉਪਕਾਰੀ ਅਰ ਸ਼ਾਂਤੀ ਦੇ ਸਰੋਵਰ ਤੇ ਪਰਮ ਹੰਸ ਸਨ -

*ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਗੀ।*
*ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ।*
*ਜੰਮਣ ਮਰਣਹੁ ਬਾਹਰੇ ਪਰਉਪਕਾਰ ਪਰਮਪਰ ਜੋਗੀ।*
*ਰਾਮਦਾਸ ਗੁਰ ਅਮਰ ਸਮੋਗੀ। (ਵਾਰ ੨੪:੧੭)*

ਗੁਰੂ ਰਾਮਦਾਸ ਜੀ ਦੀ ਵਡਿਆਈ ਕਰਦੇ ਹੋਏ ਭੱਟ, ਗੁਰੂ ਜੀ ਅੱਗੇ ਅਰਦਾਸ ਕਰਦੇ ਹਨ :

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ॥ ਅੰਗ - ੧੪੦੬*

ਇਹੋ ਵਡਿਆਈ ਕੀਰਤ ਭੱਟ ਜੀ ਕਰਦੇ ਹਨ ਕਿ ਅਜਿਹੀ ਸ਼ਖਸੀਅਤ ਜਿਸ ਦੇ ਦਰਸ਼ਨਾਂ ਨਾਲ ਜਮਾਂ ਦਾ ਡਰ-ਭਉ ਲੱਥ ਜਾਂਦਾ ਹੈ।

ਨਲ ਭੱਟ ਜੀ ਨੇ ਪੁਰਾਣਕ ਹਵਾਲਿਆਂ ਜਿਵੇਂ ਪ੍ਰਹਲਾਦ, ਦਰੋਪਦੀ, ਸੁਦਾਮਾ, ਗਨਿਕਾ ਆਦਿ ਦੇ ਪ੍ਰਮਾਣ ਦੇ ਕੇ ਕਲਜੁਗ ਵਿਚ ਗੁਰੂ ਰਾਮਦਾਸ ਜੀ ਨੂੰ ਲਾਜ ਰੱਖਣ ਵਾਲੇ ਦੱਸਿਆ ਹੈ :-

*ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ*

**(ਬਾਕੀ ਪੰਨਾ 30 'ਤੇ)**

# ਗੁਰੂ ਰਾਮਦਾਸ ਜੀ ਤੇ ਅੰਮ੍ਰਿਤਸਰ

*[ਪ੍ਰੋ. ਪ੍ਰਕਾਸ਼ ਸਿੰਘ ਜੀ]*

ਗੁਰੂ ਰਾਮਦਾਸ ਨੇ ਸੰਨ ੧੫੭੩ ਈ: ਵਿਚ ਉਸ ਸਰੋਵਰ ਦਾ ਟੱਕ ਲਾਇਆ ਜੋ ਕਿ ਅੰਮ੍ਰਿਤ-ਸਰ ਨਾਂ ਨਾਲ ਪ੍ਰਸਿੱਧ ਹੋਇਆ। ਇਸ ਸਰੋਵਰ ਨੂੰ ਗੁਰਬਾਣੀ ਵਿਚ ਪੰਜਵੇਂ ਸਤਿਗੁਰੂ ਜੀ ਨੇ ਰਾਮਦਾਸ ਸਰੋਵਰ ਦੇ ਨਾਂ ਨਾਲ ਵੀ ਸੰਬੋਧਨ ਕੀਤਾ ਹੈ। ਚੌਥੇ ਗੁਰੂ ਜੀ ਨੇ ਇਹ ਟੱਕ ਦੁੱਖ ਭੰਜਨੀ ਬੇਰੀ ਦੇ ਕੋਲ ਲਾਇਆ।

ਅਗਲੇ ਸਾਲ ਭਾਵ ੧੫੭੪ ਈ: ਵਿਚ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ, ਇਸ ਲਈ ਗੁਰੂ ਰਾਮਦਾਸ ਜੀ ਨੂੰ ਸਰੋਵਰ ਦੀ ਸੇਵਾ ਦਾ ਕੰਮ ਕੁਝ ਸਮੇਂ ਲਈ ਬੰਦ ਕਰਨਾ ਪਿਆ।

੧੫੭੭ ਈ: ਵਿਚ ਆਪ ਨੇ ਇਹ ਕੰਮ ਮੁੜ ਸ਼ੁਰੂ ਕੀਤਾ। ਹੁਣ ਸਤਿਗੁਰਾਂ ਨੇ 'ਚੱਕ ਗੁਰੂ' ਆ ਕੇ ਪੱਕੇ ਤੌਰ ਤੇ ਨਿਵਾਸ ਕਰ ਲਿਆ। ਗੁਰੂ ਅਮਰਦਾਸ ਜੀ ਦੇ ਸਮੇਂ ਆਪ ਭਾਈ ਜੇਠਾ ਦੇ ਰੂਪ ਵਿਚ ਇਕ ਅਨਿੰਨ ਸੇਵਕ ਤੇ ਪਰਵਾਨ ਹੋਏ ਸਿੱਖ ਦੇ ਰੂਪ ਵਿਚ ਆਏ ਸਨ, ਪਰ ਹੁਣ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਚੌਥੇ ਗੁਰੂ ਦੇ ਰੂਪ ਵਿਚ ਆਏ।

ਚਾਰ ਕੁ ਸਾਲ ਪਹਿਲਾਂ ਜਦ ਉਨ੍ਹਾਂ ਇਥੇ ਕੰਮ ਅਰੰਭਿਆ ਸੀ, ਤਾਂ ਬਾਬਾ ਬੁੱਢਾ ਜੀ ਤੇ ਹੋਰ ਕੁਝ ਮੁਖੀ ਸਿੱਖ ਹੀ ਨਾਲ ਸਨ, ਪਰ ਹੁਣ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿਖ-ਸੇਵਕ ਇਥੇ ਆਣ ਲਗ ਪਏ ਤੇ ਸੇਵਾ ਵਿਚ ਤਨ ਮਨ ਧਨ ਦੁਆਰਾ ਹਿੱਸਾ ਪਾਉਣ ਲਗ ਪਏ ਸਨ।

ਚੁਗਿਰਦੇ ਦੇ ਪਿੰਡਾਂ ਵਿਚੋਂ ਕਈ ਸਿੱਖ 'ਚੱਕ ਗੁਰੂ' ਆ ਵਸੇ। ਕਈ ਲੋਕੀਂ ਤਾਂ ਦੂਰ-ਦੁਰਾਡਿਓਂ ਸਤਿਗੁਰੂ ਜੀ ਦੀ ਖਿੱਚ ਕਰਕੇ ਇਥੇ ਆ ਆਬਾਦ ਹੋਏ। ਉਦੋਂ ਇਹ ਨਿੱਕਾ ਜਿਹਾ ਪਿੰਡ ਸੀ। ਬੇਰੀਆਂ ਤੇ ਅੰਬਾਂ ਦੇ ਝੁੰਡ ਵਿਚ ਕੁਝ ਕੁ ਕੋਠੇ ਛੱਤੇ ਗਏ।ਕੁਦਰਤ ਦੀ ਗੋਦੀ ਵਿਚ ਇਥੇ, ਸਿੱਧੇ-ਸਾਦੇ ਸ਼ਰਧਾਲੂ, ਮਿਹਨਤੀ ਤੇ ਕਿਰਤੀ ਸਿੱਖ ਆ ਵੱਸੇ, ਜੋ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਤੇ ਸਿਮਰਨ ਦਾ ਸਮਾਂ ਬਤੀਤ ਕਰਨ ਲਗੇ।

ਓਦੋਂ ਸ਼ਾਇਦ ਸਿੱਖਾਂ ਨੂੰ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਇਹ ਪਿੰਡ ਕਦੇ ਇਕ ਵੱਡਾ ਸ਼ਹਿਰ ਬਣ ਜਾਏਗਾ- ਸਿੱਖੀ ਦਾ ਕੇਂਦਰ ਹੀ ਨਹੀਂ ਸਗੋਂ ਵਪਾਰ ਦੀ ਬੜੀ ਭਾਰੀ ਮੰਡੀ ਵੀ। ਅੱਜ ਕਲ੍ਹ ਭਾਰਤੀ ਪੰਜਾਬ ਦਾ ਇਹ ਵੱਡਾ ਸ਼ਹਿਰ ਹੈ, ਸਿੱਖ ਰਾਜ ਦੇ ਸਮੇਂ ਅੰਮ੍ਰਿਤਸਰ ਦੀ ਵਸੋਂ ਲਾਹੌਰ ਤੋਂ ਭੀ ਜ਼ਿਆਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਸ਼ਹਿਰ ਦਾ ਵਪਾਰ ਰੂਸ ਨਾਲ ਸਿੱਧੇ ਤੌਰ ਤੇ ਕਾਇਮ ਹੋ ਚੁਕਾ ਸੀ। ਵਪਾਰ ਦੀ ਹੁਣ ਇਹ ਇਤਨੀ ਵੱਡੀ ਮਾਰਕੀਟ ਹੈ ਕਿ ਦਿੱਲੀ ਤੋਂ ਬਾਅਦ ਇੱਥੇ ਸਭ ਤੋਂ ਵੱਧ ਬੈਂਕ ਹਨ ਤੇ ਬੈਂਕਾਂ ਦੁਆਰਾ ਲੈਣ ਦੇਣ ਹੈ।

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸਰੋਵਰ ਦੀ ਖੁਦਾਈ ਗੁਰੂ ਅਮਰਦਾਸ ਜੀ ਨੇ ਆਪ ਕਰਵਾਈ। ਇਹ ਗੱਲ ਠੀਕ ਨਹੀਂ ਹੈ। ਹਾਂ ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਜ਼ਰੂਰ ਹੋਇਆ। ਤੀਜੇ ਗੁਰੂ ਜੀ ਦੇ ਸਮੇਂ ਇਕ ਸਾਲ ਦੇ ਲਗਭਗ ਕੰਮ ਹੋਇਆ। ਪਰ ਜਦ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ ਤਾਂ ਤਿਨ ਚਾਰ ਸਾਲ ਲਈ ਕੰਮ ਬੰਦ ਰਿਹਾ। ਮੁੜ ਇਹ ਕਾਰਜ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾ ਕੇ ਸੰਪੂਰਨ ਕਰਵਾਇਆ, ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦੀ ਹੈ :

***ਪੂਰਨ ਤਾਲ ਖਟਾਇਆ ਰਾਮਦਾਸ ਸਤਿਗੁਰੂ ਕਹਾਵੇ।***

ਚੌਥੇ ਸਤਿਗੁਰੂ ਜੀ ਨੇ 'ਪੂਰਨ ਤਾਲ' ਖੁਦਵਾ ਲਿਆ ਸੀ। ਪੰਜਵੇਂ ਸਤਿਗੁਰਾਂ ਨੇ ਸਰੋਵਰ ਨੂੰ ਪੱਕਿਆਂ ਕਰਵਾਇਆ

ਸੀ।

ਅੰਮ੍ਰਿਤ-ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਰਾਮਦਾਸ ਜੀ ਦੇ ਸਮੇਂ ਦੂਜੀ ਵੇਰ, ੧੫੭੭ ਈ: ਤੋਂ ੧੫੮੧ ਈ: ਤੱਕ ਕੋਈ ਚਾਰ-ਪੰਜ ਸਾਲ ਹੋਇਆ। ਇਕ ਪਾਸੇ ਤਾਂ ਚੱਕ-ਗੁਰੂ ਅਬਾਦ ਹੋ ਰਿਹਾ ਸੀ ਤੇ ਦੂਜੇ ਪਾਸੇ ਸਰੋਵਰ ਪੁੱਟਿਆ ਜਾ ਰਿਹਾ ਸੀ। ਲਾਹੌਰ ਦੇ ਕੁਝ ਕੁ ਸੋਢੀ ਖੱਤਰੀ, ਜਿਨ੍ਹਾਂ ਨੂੰ ਕਿ ਉਸ ਵੇਲੇ ਦੇ ਸੂਬੇ ਨੇ ਉਜਾੜ ਦਿਤਾ ਸੀ, ਵੀ ਇਥੇ ਆ ਕੇ ਆਬਾਦ ਹੋ ਗਏ।

ਇਹ ਥਾਂ, ਜਿਥੇ ਸਰੋਵਰ ਬਣਿਆ ਤੇ ਗੁਰੂ ਕੇ ਮਹਿਲ ਆਬਾਦ ਹੋਏ, ਸੁਲਤਾਨਵਿੰਡ ਦੀ ਜੂਹ ਸੀ, ਤੇ ਝਗੜੇ ਵਿਚ ਫਸੀ ਹੋਈ ਜਗ੍ਹਾ ਸੀ। ਇਥੇ ਧਰਮ-ਕੇਂਦਰ ਬਣਨ ਨਾਲ ਜਗ੍ਹਾ ਦੀ ਭੀ ਮੁਕਤੀ ਹੋ ਗਈ। ਆਪਸ ਦੇ ਝਗੜੇ ਵਿਚੋਂ ਨਿਕਲ ਕੇ ਇਕ ਮਹਾਨ ਆਤਮਕ, ਵਿਵਹਾਰਕ ਤੇ ਸਮਾਜਕ ਖੇਤਰ ਵਿਚ ਪ੍ਰਸਿੱਧ ਅਸਥਾਨ ਹੋ ਗਿਆ।

### ਗੁਰੂ ਰਾਮਦਾਸ ਜੀ ਤੇ ਲੰਗਰ ਦੀ ਸੇਵਾ

ਗੁਰੂ ਰਾਮਦਾਸ ਜੀ ਭਾਈ ਜੇਠਾ ਜੀ ਦੇ ਰੂਪ ਵਿਚ ਸਿੱਖ ਸੇਵਕਾਂ ਅਤੇ ਮਿਹਨਤ ਮੁਸ਼ੱਕਤ ਕਰਨ ਵਾਲਿਆਂ ਕਾਮਿਆਂ, ਮਜ਼ਦੂਰਾਂ ਤੇ ਸ਼ਰਧਾਲੂਆਂ ਵਿਚ ਲੰਗਰ ਵਰਤਾਂਦੇ ਸਨ। ਭਾਈ ਜੇਠਾ ਜੀ ਕਦੇ ਗੋਇੰਦਵਾਲ ਵਿਖੇ ਲੰਗਰ ਵਿਚ ਪ੍ਰਸ਼ਾਦ ਤਿਆਰ ਕਰਨ ਵਿਚ ਕਈ ਪ੍ਰਕਾਰ ਦਾ ਹਿੱਸਾ ਪਾਉਂਦੇ ਰਹੇ ਸਨ। ਉਥੇ ਲੰਗਰ ਲਈ ਕਈ ਵਰ੍ਹੇ ਬਾਲਣ ਤੇ ਪਾਣੀ ਆਦਿ ਢੋਣ ਤੇ ਸੰਗਤ ਨੂੰ ਪ੍ਰਸ਼ਾਦ-ਪਾਣੀ ਛਕਾਣ ਦੀ ਸੇਵਾ ਕਰਨੀ ਆਪ ਦਾ ਕੰਮ ਬਣ ਗਿਆ ਸੀ। ਜੂਠੇ ਭਾਂਡੇ ਮਾਂਜਣ ਤੇ ਪੱਤਲਾਂ ਚੁੱਕਣ ਵਿਚ ਆਪ ਨੂੰ ਅਨੰਦ ਆਉਂਦਾ ਸੀ।

ਭਾਵੇਂ ਭਾਈ ਜੇਠਾ ਜੀ ਵੱਧ ਤੋਂ ਵੱਧ ਸਮਾਂ ਸੰਗਤ ਤੇ ਪੰਗਤ ਦੀ ਸੇਵਾ ਵਿਚ ਬਤੀਤ ਕਰਦੇ, ਪਰ ਆਪਣੀ ਉਪ-ਜੀਵਕਾ ਲਈ ਉਬਾਲੇ ਹੋਏ ਛੋਲਿਆਂ ਦੀਆਂ ਘੁੰਘਣੀਆਂ ਆਦਿ ਵੇਚ ਕੇ ਗੁਜ਼ਾਰਾ ਕਰਦੇ। ਕੁਝ ਕੁ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭਾਈ ਜੇਠਾ ਜੀ ਆਪਣੀ ਆਮਦਨੀ ਦਾ ਚੋਖਾ ਹਿੱਸਾ ਧਰਮ ਨਮਿੱਤ ਦੇ ਦਿੰਦੇ ਸਨ।

ਚੱਕ ਗੁਰੂ ਵਿਖੇ ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਆ ਕੇ ਨਿਵਾਸ ਕਰ ਲਿਆ ਤਾਂ ਉਨ੍ਹਾਂ ਇਥੇ ਬਾਕਾਇਦਾ ਲੰਗਰ ਜਾਰੀ ਕਰ ਦਿੱਤਾ। ਬਾਬਾ ਬੁੱਢਾ ਜੀ ਓਸ ਬੇਰ ਹੇਠ, ਜੋ ਕਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕਾਇਮ ਹੈ ਤੇ 'ਬਾਬਾ ਬੁੱਢਾ ਜੀ ਦੀ ਬੇਰ' ਕਰਕੇ ਪ੍ਰਸਿੱਧ ਹੈ, ਗੁਰੂ ਕਾ ਲੰਗਰ ਉਹਨਾਂ ਸਿੱਖਾਂ ਸੇਵਕਾਂ ਵਿਚ ਵਰਤਾਂਦੇ, ਜੋ ਕਿ ਅੰਮ੍ਰਿਤ-ਸਰ (ਸਰੋਵਰ) ਦੀ ਖੁਦਾਈ ਦੀ ਸੇਵਾ ਕਰਦੇ ਸਨ।

ਗੁਰੂ ਕੇ ਲੰਗਰ ਵਿਖੇ ਕੇਵਲ ਸੇਵਕਾਂ ਨੂੰ ਹੀ ਨਹੀਂ, ਸਗੋਂ ਅਭਿਆਗਤਾਂ ਤੇ ਲੋੜਵੰਦਾਂ ਨੂੰ ਭੀ ਬਗੈਰ ਕਿਸੇ ਧਰਮ ਤੇ ਜ਼ਾਤ ਦੇ ਵਿਤਕਰੇ ਦੇ ਖਾਣਾ ਆਦਿ ਮਿਲਦਾ ਸੀ। ਲੰਗਰ ਹਰ ਵੇਲੇ ਜਾਰੀ ਰਹਿਣ ਦੇ ਕਾਰਨ ਇਥੋਂ ਦੀ ਅਬਾਦੀ ਦਿਨੋ-ਦਿਨ ਵਧਦੀ ਜਾਂਦੀ ਸੀ, ਅਤੇ ਆਈਆਂ ਸੰਗਤਾਂ ਦੀ ਗਿਣਤੀ ਵੀ ਬਹੁਤ ਰਹਿੰਦੀ ਸੀ।

ਅੰਮ੍ਰਿਤ ਸਰੋਵਰ ਦੀ ਖੁਦਾਈ ਵਿਚ ਕਈ ਸਿੱਖ ਤਾਂ ਸੇਵਾ-ਭਾਵ ਨਾਲ ਕੰਮ ਕਰਦੇ ਸਨ, ਪਰ ਕਈ ਦਿਹਾੜੀ-ਦਾਰਾਂ ਨੂੰ ਨਿੱਤ ਦੀ ਮਜੂਰੀ ਵੀ ਦਿੱਤੀ ਜਾਂਦੀ ਸੀ। ਏਸ ਕੰਮ ਲਈ ਤੇ ਸਤਿਗੁਰਾਂ ਦੇ ਬਾਕਾਇਦਾ ਚਲ ਰਹੇ ਲੰਗਰ ਵਾਸਤੇ ਹਰ ਰੋਜ ਸੈਂਕੜੇ ਰੁਪਏ ਖ਼ਰਚ ਹੋ ਜਾਂਦੇ ਸਨ। ਰਾਮਦਾਸਪੁਰ ਤਾਂ ਅਜੇ ਇਕ ਪਿੰਡ ਹੀ ਸੀ। ਵਧੇਰੇ ਸਾਧਨ ਨਾ ਹੋਣ ਕਰਕੇ ਜ਼ਿਆਦਾ ਆਮਦਨ ਚੜ੍ਹਾਵੇ ਤੇ ਹੀ ਨਿਰਭਰ ਸੀ। ਕਈ ਵੇਰ ਚੜ੍ਹਾਵਾ ਚੋਖਾ ਆ ਜਾਂਦਾ, ਪਰ ਜਦ ਵਾਹੀ ਦੇ ਮੌਸਮ ਵਿਚ ਜਾਂ ਸਖ਼ਤ ਗਰਮੀ ਸਰਦੀ ਦੀ ਰੁੱਤੇ ਸੰਗਤਾਂ ਘੱਟ ਗਿਣਤੀ ਆਉਂਦੀਆਂ ਤਾਂ ਚੜ੍ਹਾਵਾ ਵੀ ਘੱਟ ਹੀ ਹੁੰਦਾ। ਇਸ ਕਾਰਨ ਸਰੋਵਰ ਦੀ ਖੁਦਾਈ ਆਦਿ ਲਈ ਜੋ ਮਜ਼ਦੂਰ ਲੱਗੇ ਹੋਏ ਸਨ, ਉਨ੍ਹਾਂ ਨੂੰ ਦਿਹਾੜੀ ਦੀ ਉਜਰਤ ਦੇਣ ਲਈ ਤੇ ਗੁਰੂ ਕੇ ਲੰਗਰ ਨੂੰ ਚਲਦਿਆਂ ਰੱਖਣ ਲਈ ਕਦੇ ਕਦੇ ਮਾਇਆ ਦੀ ਥੁੜ ਪਰਤੀਤ ਹੁੰਦੀ। ਇਕ ਵੇਰ ਬਾਬਾ ਬੁੱਢਾ ਜੀ ਤੇ ਹੋਰ ਸਿੱਖ ਸੇਵਕਾਂ ਨੇ ਸ੍ਰੀ ਰਾਮਦਾਸ ਜੀ ਨੂੰ ਬੇਨਤੀ ਕੀਤੀ ਕਿ ਸੰਗਤਾਂ ਵਧੇਰੇ ਆਉਣ ਕਰਕੇ ਲੰਗਰ ਆਦਿ ਦੇ ਪ੍ਰਬੰਧ ਲਈ ਵਧੇਰੇ ਮਾਇਆ ਦੀ ਲੋੜ ਹੋਵੇਗੀ। ਸਤਿਗੁਰੂ ਜੀ ਨੇ ਵਿਚਾਰ ਕਰਨ ਮਗਰੋਂ ਇਹ ਫ਼ੈਸਲਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਪਰਚਾਰ ਲਈ ਅਤੇ ਲੰਗਰ ਆਦਿ ਦੇ ਖ਼ਰਚਾਂ ਲਈ, ਦਸਵੰਧ ਉਗਰਾਹੁਣ ਖ਼ਾਤਰ ਮਸੰਦ ਥਾਪੇ ਜਾਣ।

ਜਿਥੇ ਸਤਿਗੁਰੂ ਜੀ ਨੇ ਆਪਣਾ ਨਿੱਜੀ ਰਿਹਾਇਸ਼ੀ ਅਸਥਾਨ ਬਣਾਇਆ ਸੀ ਇਥੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਰਹਿੰਦੇ ਰਹੇ ਅਤੇ ਜਿਥੇ ਹੁਣ 'ਗੁਰਦੁਆਰਾ -ਗੁਰੂ ਕੇ ਮਹਿਲ' ਕਾਇਮ ਹੈ ਇਥੋਂ ਸਤਿਗੁਰਾਂ ਦਾ ਆਪਣਾ ਲੰਗਰ ਸੀ। ਸਤਿਗੁਰ ਜੀ ਨਿੱਤ ਸੰਗਤਾਂ ਨੂੰ ਦਰਸ਼ਨ ਦੇਣ

ਲਈ, ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ ਦੇਖਣ ਲਈ ਅਤੇ ਕਈ ਵੇਰ ਆਪ ਸੇਵਾ ਕਰਨ ਲਈ ਆਉਂਦੇ। ਸੰਗਤਾਂ ਵਿਚੋਂ ਨਿਤ ਸੈਂਕੜੇ ਸ਼ਰਧਾਲੂ ਸਤਿਗੁਰਾਂ ਦੇ ਮਹਿਲੀਂ ਵੀ ਆਉਂਦੇ ਰਹਿੰਦੇ ਸਨ। ਇਥੇ ਬੀਬੀ ਭਾਨੀ ਜੀ ਵਲੋਂ ਲੰਗਰ ਦੀ ਸੇਵਾ ਹੁੰਦੀ।

ਜਦ ਸਹਿਜੇ ਸਹਿਜੇ ਅੰਮ੍ਰਿਤ-ਸਰੋਵਰ ਦੇ ਗਿਰਦ ਇਕ ਬਾਕਾਇਦਾ ਨਗਰੀ ਵਸ ਗਈ ਤਾਂ ਸਤਿਗੁਰਾਂ ਨੇ ਆਪਣੇ ਘਰ ਤੇ ਨਿੱਜੀ ਲੰਗਰ ਲਈ ਅੰਨ-ਪਾਣੀ ਆਦਿ ਦਾ ਇੰਤਜ਼ਾਮ ਆਪਣੇ ਵੱਡੇ ਬੇਟੇ ਪ੍ਰਿਥੀ ਚੰਦ ਦੇ ਸਪੁਰਦ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਉਹਨਾਂ ਦੀ ਨਿਗਰਾਨੀ ਕਰਨ ਲਈ ਆਗਿਆ ਕੀਤੀ ਗਈ।

ਸ੍ਰੀ ਗੁਰੂ ਰਾਮਦਾਸ ਜੀ ਦਾ ਖ਼ਾਸ ਹੁਕਮ ਸੀ ਕਿ ਸੇਵਾ ਲਈ ਹਮੇਸ਼ਾ ਤਤਪਰ ਰਹੋ। ਆਏ ਗਏ ਮੁਸਾਫ਼ਰ ਯਾਤਰੂ ਤੇ ਅਭਿਆਗਤ ਦੀ ਸੇਵਾ ਕਰੋ ਤੇ ਲੰਗਰ ਪਾਣੀ ਪੁੱਛ ਕੇ ਦਾਤੇ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਆਪ ਜੀ ਦੇ ਸਮੇਂ ਕਿਵੇਂ ਸਿੱਖ ਸੰਗਤਾਂ ਜਲ-ਪਾਣੀ ਵਰਤਾ ਕੇ, ਪੱਖਾ ਝੱਲ ਕੇ, ਥੱਕੇ-ਟੁੱਟੇ ਮੁਸਾਫ਼ਰਾਂ ਦੀ ਮੁੱਠੀ-ਚਾਪੀ ਕਰ ਕੇ, ਪ੍ਰਸ਼ਾਦ ਆਦਿ ਛਕਾ ਕੇ, ਇਕ ਦੂਜੇ ਦੀ ਸੇਵਾ ਕਰਨ ਲਗ ਪਈਆਂ ਅਤੇ ਕਿਵੇਂ ਗ਼ਰੀਬਾਂ ਤੇ ਅਨਾਥਾਂ ਦੀ ਸਹਾਇਤਾ ਕੀਤੀ ਜਾਂਦੀ ਰਹੀ, ਇਹ ਸਤਿਗੁਰੂ ਦੀਆਂ ਕਈ ਸਾਖੀਆਂ ਤੋਂ ਸਪੱਸ਼ਟ ਹੈ।

ਇਕ ਦਿਨ ਸ੍ਰੀ ਗੁਰੂ ਰਾਮਦਾਸ ਜੀ ਆਪ ਲੰਗਰ ਵਿਚ ਚਲੇ ਗਏ। ਆਪ ਨੇ ਉਥੇ ਕੁਝ ਸਿੱਖਾਂ ਨੂੰ ਸੇਵਾ ਕਰਦਿਆਂ ਦੇਖਿਆ। ਉਹਨਾਂ ਵਿਚੋਂ ਇਕ ਸਿੱਧਾ-ਸਾਦਾ ਸਿੱਖ ਸੀ, ਜਿਸ ਦਾ ਨਾਮ ਸੀ ਭਾਈ ਹੰਦਾਲ। ਉਸ ਦੇ ਹੱਥ ਆਟੇ ਨਾਲ ਲਿਬੜੇ ਹੋਏ ਸਨ, ਇਸ ਲਈ ਹੱਥ ਪਿਛੇ ਕਰ ਕੇ ਗੋਡਿਆਂ ਭਾਰ ਹੋ ਕੇ ਉਹ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ।

ਸਤਿਗੁਰੂ ਜੀ ਉਸ ਦੀ ਨਿਸ਼ਕਾਮ ਸੇਵਾ, ਸੱਚੀ ਭਗਤੀ ਤੇ ਨਿਮਰ ਭਾਵ ਤੇ ਬਹੁਤ ਪਰਸੰਨ ਹੋਏ। ਖੇੜੇ ਵਿਚ ਆ ਕੇ ਸਤਿਗੁਰਾਂ ਨੇ ਫੁਰਮਾਇਆ :- ਹੰਦਾਲ! ਤੂੰ ਮੇਰੇ ਚਿਤ ਨੂੰ ਬਹੁਤ ਪ੍ਰਸੰਨ ਕੀਤਾ ਹੈ। ਤੂੰ ਨਿਤ ਸੇਵਾ ਤੇ ਭਗਤੀ ਵਿਚ ਮਸਤ ਰਿਹਾ ਹੈ ਅਤੇ ਹੁਣ ਨਵੇਂ ਹੀ ਢੰਗ ਨਾਲ ਡੰਡਉਤ ਕਰ ਕੇ ਦਿਖਾਈ ਹੈ। ਤੇਰੀ ਸੇਵਾ ਤੇ ਘਾਲ, ਥਾਇ ਪਈ ਹੈ। ਇੰਜ ਕਹਿ ਕੇ ਸਤਿਗੁਰਾਂ ਨੇ ਭਾਈ ਹੰਦਾਲ ਨੂੰ ਸਿਰੋਪਾ ਬਖ਼ਸ਼ਿਆ, ਜੀਵਨ-ਮੁਕਤ ਕਰ ਦਿੱਤਾ ਤੇ ਪਰਚਾਰਕ ਥਾਪਿਆ। ਇਕ ਵਾਰ ਸੱਤ ਸਿੱਖ ਗੁਰੂ ਜੀ ਦੇ ਦਰਬਾਰ ਵਿਚ ਆਏ ਸਨ : ਧਰਮਦਾਸ, ਡੂਗਰ ਦਾਸ, ਦੀਪਾ, ਜੇਠਾ, ਸੰਸਾਰੀ, ਬੂਲਾ ਤੇ ਤੀਰਥ। ਇਨ੍ਹਾਂ ਸਤਿਗੁਰੂ ਜੀ ਅਗੇ ਬੇਨਤੀ ਕੀਤੀ : 'ਸੱਚੇ ਪਾਤਸ਼ਾਹ! ਸਾਨੂੰ ਜੀਵਨ ਸਫ਼ਲ ਕਰਨ ਦਾ ਮਾਰਗ ਦਰਸਾਓ।'

ਸਤਿਗੁਰੂ ਜੀ ਨੇ ਮਿਹਰ ਦੀ ਨਿਗਾਹ ਕੀਤੀ ਤੇ ਫਿਰ ਫ਼ੁਰਮਾਇਆ : 'ਮਾਣ ਦਾ ਤਿਆਗ ਕਰ ਕੇ ਨਿਰਮਾਣਤਾ ਧਾਰਨ ਕਰੋ, ਪੁੰਨ ਗ੍ਰਹਿਣ ਕਰੋ ਤੇ ਪਾਪਾਂ ਦਾ ਤਿਆਗ ਕਰੋ। ਆਪਣੀ ਸਮੱਰਥਾ ਅਨੁਸਾਰ ਸਿੱਖਾਂ ਦੀ ਸੇਵਾ ਕਰੋ। ਲੋੜਵੰਦ ਤੁਹਾਡੇ ਗ੍ਰਹਿ ਵਿਖੇ ਆਉਣ ਤਾਂ ਉਹਨਾਂ ਨੂੰ ਪ੍ਰਸ਼ਾਦ ਪਾਣੀ ਤੋਂ ਛੁੱਟ ਕਪੱੜਾ-ਲੱਤਾ ਵੀ ਦੇ ਕੇ ਤੋਰੋ ਤੇ ਇੰਜ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।'

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ ਜਿਨ੍ਹਾਂ ਨੂੰ ਸੱਚ ਦੀ ਸੋਝੀ ਪ੍ਰਾਪਤ ਹੋਈ ਹੈ ਉਹਨਾਂ ਕੋਲ ਕਦੇ ਨਾ-ਮੁੱਕਣ ਵਾਲਾ ਖ਼ਜ਼ਾਨਾ ਹੈ। ਜੋ ਪਰਮਾਤਮਾ ਦੀ ਦਯਾ ਵਿਚ ਰਹਿ ਕੇ ਖਾਂਦੇ ਹਨ ਉਹਨਾਂ ਦਾ ਖਾਣਾ ਤਾਂ ਸਫਲ ਹੈ, ਪਰ ਜੋ ਉਸ ਨੂੰ ਵਿਸਾਰ ਦੇਂਦੇ ਹਨ ਉਹ ਹੱਥ ਟੱਡ ਕੇ ਮੰਗਦੇ ਫਿਰਦੇ ਹਨ :-

*ਇਕਨਾ ਸਚੁ ਬੁਝਾਇਓਨੁ*
*ਤਿਨ੍ਹਾ ਅਤੁਟ ਭੰਡਾਰ ਦੇਵਾਇਆ॥*
*ਹਰਿ ਚੇਤਿ ਖਾਹਿ ਤਿਨਾ ਸਫਲੁ ਹੈ*
*ਅਚੇਤਾ ਹਥ ਤਡਾਇਆ॥ ਅੰਗ - ੮੫*

ਬਿਹਾਗੜੇ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦੀ ਇਕ ਪਉੜੀ ਹੈ ਜਿਸ ਨੂੰ ਕਈ ਵਾਰੀ ਲੰਗਰ ਵਰਤਾਉਣ ਮਗਰੋਂ ਪੜ੍ਹਿਆ ਜਾਂਦਾ ਹੈ। ਕਈ ਵਾਰੀ ਸਿਖ ਸੰਗਤਾਂ ਪੰਗਤਾਂ ਦੇ ਰੂਪ ਵਿਚ ਬੈਠੀਆਂ ਹੋਈਆਂ ਰਲ ਕੇ ਵੀ ਇਸ ਪਉੜੀ ਦਾ ਗਾਇਨ ਕਰਦੀਆਂ ਹਨ :

*ਆਪੇ ਧਰਤੀ ਆਪੇ ਹੈ ਰਾਹਕੁ, ਆਪਿ ਜੰਮਾਇ ਪੀਸਾਵੈ॥*
*ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ,*
*ਆਪੇ ਹੀ ਬਹਿ ਖਾਵੈ॥*
*ਆਪੇ ਜਲੁ ਆਪੇ ਦੇ ਛਿੰਗਾ,*
*ਆਪੇ ਚੁਲੀ ਭਰਾਵੈ॥*
*ਆਪੇ ਸੰਗਤਿ ਸਦਿ ਬਹਾਲੈ,*
*ਆਪੇ ਵਿਦਾ ਕਰਾਵੈ॥*
*ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ,*
*ਤਿਸ ਨੋ ਹੁਕਮੁ ਮਨਾਵੈ॥ ਅੰਗ - ੫੫●*

## ਅੰਤਮ ਸੰਦੇਸ਼

ਗੁਰੂ ਰਾਮਦਾਸ ਜੀ ੧੫੭੪ ਈ: ਤੋਂ ੧੫੮੧ ਈ: ਤੱਕ ਗੁਰੂ ਰੂਪ ਹੋ, ਸ੍ਰੀ ਅੰਮ੍ਰਿਤਸਰ ਵਿਖੇ ਵਿਚਰੇ। ਅੰਮ੍ਰਿਤ-ਸਰੋਵਰ ਦੀ ਖੁਦਵਾਈ ਦਾ ਕੰਮ ਆਪ ਨੇ ਦੂਜੀ ਵਾਰ ੧੫੭੭ ਈ: ਮੁੜ ਸ਼ੁਰੂ ਕਰਾਇਆ ਤਾਂ ਬਹੁਤ ਸਾਰੇ ਸਿੱਖ ਸੇਵਕ ਇਕੱਠੇ ਕੀਤੇ। ਤਾਲ ਦੀ ਖੁਦਾਈ ਬਹੁਤ ਸਰਗਰਮੀ ਨਾਲ ਹੋਣ ਲੱਗੀ। ਗੁਰੂ ਜੀ ਜਦ ਕੰਮ ਕਰਦੇ ਜਾਂ ਕਰਾਂਉਂਦੇ ਤਾਂ ਇਕ ਬੇਰੀ ਹੇਠ ਬੈਠਿਆ ਕਰਦੇ ਸਨ। ਉਹ ਇਲਾਇਚੀ ਬੇਰ ਦੇ ਨਾਮ ਨਾਲ ਪ੍ਰਸਿੱਧ ਹੈ, ਕਿਉਂਕਿ ਇਸ ਨੂੰ ਛੋਟੀ ਇਲਾਇਚੀ ਜਿਡੇ ਨਿੱਕੇ ਨਿੱਕੇ ਬੇਰ ਲਗਦੇ ਹਨ। ਉਸ ਬੇਰੀ ਹੇਠ ਦਰਸ਼ਨੀ ਦਰਵਾਜ਼ੇ ਦੇ ਕੋਲ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਖੇ ਆਪ ਦੀ ਯਾਦ ਵਿਚ ਹੁਣ ਛੋਟਾ ਜਿਹਾ ਗੁਰਦੁਆਰਾ ਹੈ।

ਜਦ 'ਤਾਲ', 'ਤੀਰਥ' ਬਣ ਚੁਕਾ ਤੇ 'ਨਗਰ' ਘੁੱਗ ਵੱਸ ਗਿਆ ਤਾਂ ਸਤਿਗੁਰੂ ਜੀ ਨੇ ਇਸ ਪਾਸਿਓਂ ਨਿਸਚਿੰਤ ਤੇ ਸੰਤੁਸ਼ਟ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਤੀਜੇ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਸੇਵਾ ਸੰਪੂਰਨ ਹੋਈ ਹੈ। ਅੰਤ ਸਮਾਂ ਨੇੜੇ ਆਉਂਦਾ ਦੇਖ ਕੇ ਆਪ ਨੇ ਗੋਇੰਦਵਾਲ ਜਾਣ ਦੀ ਤਿਆਰੀ ਕੀਤੀ। ਨਗਰ-ਨਿਵਾਸੀ ਖੱਤ੍ਰੀਆਂ ਨੂੰ ਸੱਦ ਕੇ, ਆਪਣਾ ਇਰਾਦਾ ਦੱਸਿਆ ਤੇ ਫ਼ੁਰਮਾਇਆ :-

*ਇਹ ਤੀਰਥ ਤੁਹਾਡੇ ਹਵਾਲੇ ਅਸਾਂ ਕਰਿਆ।*
*ਤੁਸੀਂ ਹੋ ਅਸਾਡੇ, ਅਸਾਂ ਤੁਸਾਂ ਨੂੰ ਆਂਦਾ ਆਪਿ।*
*ਤੀਰਥ ਹਵਾਲੇ ਤੁਸਾਡੇ, ਇਥੇ ਕੋਈ ਬਹਾਓ ਥਾਪਿ॥੨੨॥*
*ਖੱਤ੍ਰੀਆਂ ਰਲ ਕੇ ਇਹ ਬਿਨਤੀ ਉਚਾਰੀ*
*ਗਰੀਬ ਨਿਵਾਜ! ਅਸੀਂ ਹਾਂ ਖੱਤ੍ਰੀ,*
*ਨਹੀਂ ਪੂਜਾ ਦੇ ਅਧਿਕਾਰੀ।*
*ਕ੍ਰਿਪਾ ਕਰ ਕੇ ਏਥੇ ਕੋਈ ਆਪਿ ਬਹਾਈਐ।*
*ਕਿਰਤਿ ਬਰਕਤਿ ਅਸਾਨੂੰ ਦੇਉ..*
*ਬਚਨ ਕੀਤਾ -*
*ਚਾਉਕਾ ਪਾਇ ਹੱਟੀ ਬਹੇ।*
*ਜੋ ਚਾਹੋ, ਸੋ ਸਤਿਗੁਰੂ ਤੇ ਲਹੋ॥*

ਇਉਂ ਨਗਰ-ਨਿਵਾਸਿਆਂ ਨੂੰ ਸੰਤੋਖ ਦੇ ਕੇ, ਤਾਲ-ਤੀਰਥ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਦੇ ਕੇ, ਸਤਿਗੁਰੂ ਜੀ ਸ੍ਰੀ ਅਰਜਨ ਦੇਵ ਤੇ ਸਿੱਖ ਮੁਖੀਆਂ ਨੂੰ ਨਾਲ ਲੈ ਕੇ ਚੱਕ ਤੋਂ ਵਿਦਾ ਹੋ ਗੋਇੰਦਵਾਲ ਚਲੇ ਗਏ।

ਅਗਲੇ ਹੀ, ਦਿਨ, ਸੰਗਤ ਦੇ ਸਾਹਮਣੇ, ਸ੍ਰੀ ਅਰਜਨ ਦੇਵ ਜੀ ਨੂੰ ਗੁਰੂ-ਘਰ ਦੀ ਸਾਰੀ ਮਰਯਾਦਾ ਦੱਸ ਕੇ ਸਿਖਿਆ-ਦੀਖਿਆ ਦ੍ਰਿੜ੍ਹ ਕਰਵਾ ਕੇ ਆਪਣੀ ਥਾਂ ਤੇ ਗੁਰੂ-ਗੱਦੀ ਤੇ ਬਹਾ ਦਿੱਤਾ, ਸੀਸ ਨਿਵਾਇਆ ਤੇ ਸੰਮਤ ਸੋਲ੍ਹਾਂ ਸੈ ਅਠੱਤੀ ਬਿਕ੍ਰਮੀ, ਮਿਤੀ ਭਾਦਰੋਂ ਸੁਦੀ ਤੀਜ, ੨ ਅੱਸੂ (੧ ਸਤੰਬਰ ੧੫੮੧) ਦਿਨ ਸ਼ੁਕਰਵਾਰ ਨੂੰ ਜੋਤੀ ਜੋਤਿ ਸਮਾ ਗਏ।

## ਸਿੱਖਾਂ ਦੇ ਉਜਾਗਰ ਭਵਿੱਖ ਦੀ ਨੀਂਹ

ਡਾਕਟਰ ਸੱਯਦ ਮੁਹੰਮਦ ਲਤੀਫ਼ ਨੇ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਦੀ ਨੀਂਹ ਰੱਖੇ ਜਾਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਗੁਰੂ (ਰਾਮਦਾਸ) ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਤੇ ਰੱਖ ਕੇ ਸਿੱਖਾਂ ਦਾ ਭਵਿੱਖ ਬਤੌਰ ਇਕ ਕੌਮ ਦੇ ਉਜਾਗਰ ਕਰਨ ਦੀ ਨੀਂਹ ਰੱਖੀ। ਹੁਣ ਸਿੱਖ ਇਕ ਅਜਿਹੇ ਸਾਂਝੇ ਧਰਮ-ਅਸਥਾਨ ਤੇ ਇਕੱਠੇ ਹੋਣ ਲੱਗ ਪਏ ਜਿਥੇ ਵੱਖ ਵੱਖ ਥਾਵਾਂ ਤੋਂ ਪਹੁੰਚ ਸੌਖੀ ਸੀ ਅਤੇ ਜਿਥੋਂ ਦੀ ਧਰਤੀ ਵੀ ਬੜੀ ਉਪਜਾਊ ਸੀ। ਇਹਨਾਂ ਸ਼ਾਂਤ-ਚਿੱਤ ਹੋ ਕੇ ਨੇਕ ਸੁਭਾਅ ਵਾਲੇ ਸਿੱਖਾਂ ਨੇ ਆਪਣੇ ਆਦਿ ਗੁਰੂ ਦੇ ਪਾਏ ਪੂਰਨਿਆਂ ਤੇ ਚਲਣ ਦਾ ਯਤਨ ਕਰਦੇ ਹੋਏ, ਇਕ ਸਾਂਝੇ ਭਾਈਚਾਰੇ ਦੇ ਪ੍ਰੇਮ ਤੇ ਜੰਮੀ ਸ਼ਕਤੀ ਨੂੰ ਪੱਕਿਆਂ ਕਰਨਾ ਸਿੱਖਣਾ ਰੱਖਿਆ। ਇਸ ਤਰ੍ਹਾਂ ਉਨ੍ਹਾਂ ਨੇ ਸੱਚੇ ਦੇਸ਼-ਪ੍ਰੇਮ ਦੇ ਨੇਮਾਂ ਤੇ ਇਕ ਸਾਂਝਾ ਰਾਜ ਕਾਇਮ ਕਰਨ ਲਈ ਰਸਤਾ ਪੱਧਰਾ ਕਰ ਲਿਆ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਪੰਜਵੇਂ ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਅਤੇ ਛੇਵੇਂ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਗੁਰੂ ਸਾਹਿਬਾਂ ਤੋਂ ਲੈ ਕੇ ਹੁਣ ਤਕ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਨੇ ਬੜੇ ਉਤਾਰ-ਚੜ੍ਹਾਅ ਵੇਖੇ ਹਨ। ਅਹਿਮਦ ਸ਼ਾਹ ਅਬਦਾਲੀ ਨੇ ਜਦ ੧੭੬੧ ਈ: ਵਿਚ ਇਥੇ ਹਮਲਾ ਕੀਤਾ ਤਾਂ ਦਰਬਾਰ ਸਾਹਿਬ ਤੇ ਸ਼ਹਿਰ ਦਾ ਕਾਫ਼ੀ ਹਿੱਸਾ ਢਾਹਿ-ਢੇਰੀ ਕਰ ਦਿੱਤਾ। ਪਰ ਜਦ ਸਿੱਖ ਮਿਸਲਾਂ ਨੇ ਮੁੜ ਤਾਕਤ ਫੜੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲੋਕਾਂ ਨੇ ਸੁਖ ਦਾ ਸਾਹ ਲਿਆ ਤਾਂ ਦਰਬਾਰ ਸਾਹਿਬ ਦੀ ਨਵ-ਉਸਾਰੀ ਤੇ ਸਜਾਵਟ ਵੱਲ ਬਹੁਤਾ ਧਿਆਨ ਦਿੱਤਾ ਗਿਆ। ਓਦੋਂ ਹੀ ਸੋਨੇ, ਗੱਚ, ਟੁਕੜੀ ਤੇ ਸੰਗਮਰਮਰ ਦਾ ਕੰਮ ਹੋਇਆ। ਓਸ ਸਮੇਂ ਤੋਂ ਲੈ ਕੇ ਹੁਣ ਤਕ ਸ੍ਰੀ

ਗੁਰੂ ਰਾਮਦਾਸ ਜੀ ਦੀ ਇਹ ਅਮਰ ਯਾਦਗਾਰ ਕਈ ਪ੍ਰਬੰਧਕ-ਹੱਥਾਂ ਵਿਚੋਂ ਲੰਘ ਕੇ ਅਜੋਕੇ ਰੂਪ ਵਿਚ ਆਈ ਹੈ।

**ਸਰਬ ਸਾਂਝੀਵਾਲਤਾ ਦਾ ਚਿੰਨ੍ਹ, ਅੰਮ੍ਰਿਤਸਰ**

ਅੰਮ੍ਰਿਤਸਰ ਸਰਬ ਸਾਂਝੀਵਾਲਤਾ ਦਾ ਚਿੰਨ੍ਹ ਹੈ। ਇਕ ਅਜਿਹਾ ਧਰਮ-ਕੇਂਦਰ ਬਣਾ ਕੇ ਜਿੱਥੇ ਊਚ-ਨੀਚ, ਜਾਤ-ਪਾਤ ਜਾਂ ਧਾਰਮਕ ਵਿਤਕਰੇ ਦਾ ਕੋਈ ਸੁਆਲ ਨਹੀਂ, ਗੁਰੂ ਰਾਮਦਾਸ ਜੀ ਨੇ ਇਕ ਸਾਂਝੀ ਕੌਮੀਅਤ ਦਾ ਆਦਰਸ਼ ਪ੍ਰਚਾਰਿਆ। ਸਾਂਝੀ ਕੌਮੀਅਤ ਦੇ ਆਦਰਸ਼ ਨੂੰ ਗੁਰੂ ਅਰਜਨ ਦੇਵ ਜੀ ਨੇ ਹੋਰ ਭੀ ਪੱਕਿਆ ਕਰ ਦਿੱਤਾ, ਜਦ ਕਿ ਉਨ੍ਹਾਂ ਇਕ ਸਾਂਝਾ ਧਰਮ-ਮੰਦਰ- ਹਰਿਮੰਦਰ ਦੇ ਰੂਪ ਵਿਚ-ਰਚ ਕੇ ਉਸ ਵਿਚ ਸਰਬ ਸਾਂਝਾ ਗ੍ਰੰਥ-ਆਦਿ ਗ੍ਰੰਥ ਦੇ ਰੂਪ ਵਿਚ-ਇਕੱਤਰ ਕੀਤੀ ਬਾਣੀ ਦਾ ਪ੍ਰਕਾਸ਼ ਕੀਤਾ। ਗੁਰੂ ਜੀ ਨੇ ਐਸਾ ਧਰਮ-ਮੰਦਰ ਬਣਾਇਆ ਜਿਸ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ ਗਏ, ਜਿਸ ਦਾ ਪਰਤੱਖ ਭਾਵ ਹੈ ਕਿ ਧਰਮ ਤੇ ਮਜ਼ਬ ਦੇ ਨਾਂ ਤੇ ਵਿਤਕਰੇ ਦੀ ਥਾਂ ਇਥੇ ਧਾਰਮਕ ਮੇਲ-ਮਿਲਾਪ ਤੇ ਪਰਸਪਰ ਪਿਆਰ ਤੇ ਜ਼ੋਰ ਦਿੱਤਾ ਗਿਆ।

ਗੁਰੂ ਕੇ ਚੱਕ ਵਿਚ ਜਿਥੇ ਸਿੱਖਾਂ ਨੇ ਡੇਰੇ ਲਾਏ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਭੀ ਵਸਾਇਆ ਗਿਆ। ਗੁਰੂ ਰਾਮਦਾਸ ਜੀ ਨੇ ਇਥੇ ਮੁਸਲਮਾਨਾਂ ਲਈ ਇਕ ਮਸਜਿਦ ਤੇ ਹਿੰਦੂਆਂ ਵਾਸਤੇ ਇਕ ਮੰਦਰ ਵੀ ਆਪਣੇ ਖ਼ਰਚ ਤੇ ਬਣਾਇਆ। ਇਹ ਸੀ ਸਾਂਝੀਵਾਲਤਾ ਤੇ ਭ੍ਰਾਤਰੀ-ਭਾਵ ਦੇ ਉੱਚੇ ਆਦਰਸ਼ ਦੀ ਝਲਕ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪਰਚਾਰਿਆ ਸੀ।

ਹਿੰਦੂ ਧਰਮ-ਅਸਥਾਨਾਂ ਵਿਖੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਜਾਣ ਦੀ ਆਗਿਆ ਨਹੀਂ ਸੀ। ਗੁਰੂ ਜੀ ਨੇ ਕੇਵਲ ਨਗਰ ਹੀ ਨਹੀਂ, ਸਰੋਵਰ ਵੀ ਸਭ ਲਈ ਸਾਂਝੇ ਤੌਰ ਤੇ ਬਣਾਇਆ। ਇਥੇ ਹਰ ਧਰਮ ਤੇ ਹਰ ਜਾਤ ਦੇ ਲੋਕਾਂ ਨੂੰ ਚੁੱਭੀ ਲਾਣ ਦੀ ਖੁੱਲ੍ਹ ਸੀ। ਜਦ ਸਰੋਵਰ ਦੀ ਖੁਦਾਈ ਹੋਈ ਤਾਂ ਗੁਰੂ ਰਾਮਦਾਸ ਜੀ ਨੇ ਆਪ ਆਪਣੇ ਪਵਿੱਤਰ ਹੱਥਾਂ ਨਾਲ ਸੇਵਾ ਕੀਤੀ ਅਤੇ ਮੁਖੀ ਸਿੱਖਾਂ ਤੇ ਸੰਗਤਾਂ ਨੇ ਹਿੱਸਾ ਪਾਇਆ। ਕਹਿੰਦੇ ਹਨ ਕਿ ਕੁਝ ਕੁ ਹਿੰਦੂ ਤੇ ਮੁਸਲਮਾਨ ਭੀ ਸ਼ਾਮਲ ਹੋਏ।

ਹਿੰਦੂ ਧਰਮ ਵਿਚ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਗੁਰੂ ਜੀ ਨੇ ਮੁਕਤੀ-ਦਾਤਾ-ਤੀਰਥ ਤਾਂ 'ਨਾਮ; ਨੂੰ ਮੰਨਿਆ ਹੈ :-

*ਤੀਰਥ ਨਾਵਣ ਜਾਉ ਤੀਰਥੁ ਨਾਮ ਹੈ॥*

*(ਧਨਾਸਰੀ ਮਹਲਾ ੧)*

ਗੁਰੂ ਸਾਹਿਬਾਂ ਨੇ ਨਾਮ ਬਾਣੀ ਦੇ ਸਿਮਰਨ, ਭਜਨ, ਕੀਰਤਨ, ਸਤਸੰਗ ਤੇ ਸੇਵਾ ਆਦਿ ਚੰਗੇ ਗੁਣਾਂ ਦੁਆਰਾ ਜੀਵਨ ਉੱਚਿਆਂ ਕਰਨ ਦੀ ਜਾਚ ਸਿਖਾਈ, ਇਨ੍ਹਾਂ ਗੁਣਾਂ ਦੇ ਪਰਚਾਰ ਦਾ ਕੇਂਦਰ ਬਣਾਇਆ ਗਿਆ-ਅੰਮ੍ਰਿਤਸਰ। ਇਸ ਥਾਂ ਦੀ ਰਚਨਾ ਜਿਥੇ ਸਿੱਖੀ ਆਚਰਨ ਉੱਚਿਆਂ ਕਰਨ ਲਈ ਕੀਤੀ ਗਈ ਉਥੇ ਭਾਈਚਾਰਕ ਸਮਾਨਤਾ ਨੂੰ ਭੀ ਮੁੱਖ ਰੱਖਿਆ ਗਿਆ। ਸੋ ਸ੍ਰੀ ਅੰਮ੍ਰਿਤਸਰ ਕੇਵਲ ਸਿੱਖਾਂ ਦਾ ਧਾਰਮਿਕ ਕੇਂਦਰ ਹੀ ਨਹੀਂ, ਕੌਮੀ ਏਕਤਾ ਤੇ ਆਰਥਕ, ਖੁਸ਼ਹਾਲੀ ਦੀ ਦ੍ਰਿਸ਼ਟੀ ਤੋਂ ਭੀ ਇਕ ਆਦਰਸ਼ਕ ਰਚਨਾ ਬਣ ਗਿਆ। ਗੁਰੂ ਰਾਮਦਾਸ ਜੀ ਨੇ ਇਸ ਧਰਮ-ਕੇਂਦਰ ਨੂੰ ਹਰ ਪੱਖੋਂ ਮੁਕੰਮਲ ਤੇ ਆਰਥਕ ਤੌਰ ਤੇ ਨਿਪੁੰਨ ਬਣਾਉਣ ਲਈ ਏਥੇ ਬਵੰਜਾ ਕਿੱਤਿਆਂ ਦੇ ਲੋਕ ਵਸਾਏ। ਵੱਖ-ਵੱਖ ਕੰਮ ਕਰਨ ਵਾਲੇ ਇਹ ਲੋਕੀਂ ਸੈਂਕੜਿਆਂ ਦੀ ਗਿਣਤੀ ਵਿਚ ਕਸੂਰ, ਪੱਟੀ ਤੇ ਕਲਾਨੌਰ ਤੋਂ ਲਿਆਂਦੇ ਗਏ। ਇਸ ਕੰਮ ਵਾਸਤੇ ਗੁਰੂ ਜੀ ਨੇ ਬਾਬਾ ਬੁੱਢਾ, ਗੁਰੀਏ, ਰੂਪ ਰਾਮ, ਚੰਦਰ ਭਾਨ ਤੇ ਭਾਈ ਸਾਲ੍ਹੋ ਆਦਿ ਦੀ ਸਹਾਇਤਾ ਲਈ।

ਜੋ ਲੋਕੀਂ ਇਥੇ ਆ ਕੇ ਵਸੇ ਉਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਦੇ ਚੋਖੇ ਲੋਕੀਂ ਸਨ, ਜਿਨ੍ਹਾਂ ਵਿਚੋਂ ਕਈ ਆਪੋ ਆਪਣੇ ਕੰਮਾਂ ਵਿਚ ਬਹੁਤ ਮਾਹਰ ਸਨ। ਉਹ ਦਸਤਕਾਰੀ ਦੇ ਕੰਮਾ ਤੇ ਵੱਖ ਵੱਖ ਹੁਨਰਾਂ ਤੇ ਵਪਾਰ ਦੇ ਚੰਗੇ ਜਾਣੂ ਸਨ। ਆਰਥਕ ਪੱਖ ਤੋਂ ਅਜਿਹੇ ਬੰਦਿਆਂ ਦੀ ਲੋੜ ਸੀ ਜੋ ਕਿ ਵਪਾਰ ਦੇ ਵਾਧੇ ਅਤੇ ਉਪਜ ਵਿਚ ਸਹਾਈ ਹੋ ਸਕਣ। ਇਨ੍ਹਾਂ ਵਿਚ ਲੁਹਾਰ, ਤਰਖਾਣ, ਮੋਚੀ, ਜੁਲਾਹੇ, ਠਠਿਆਰ ਆਦਿ ਉਹ ਲੋਕੀਂ ਭੀ ਸਨ ਜੋ ਕਿਰਤ ਦੇ ਲਿਹਾਜ਼ ਤੋਂ ਨੀਵੇਂ ਸਮਝੇ ਜਾਂਦੇ ਸਨ। ਗੁਰੂ ਰਾਮਦਾਸ ਜੀ ਨੇ ਆਦਿ ਗੁਰੂ ਦੇ ਮਿਸ਼ਨ ਦੀ ਪੂਰਤੀ ਕਰਦਿਆਂ ਇਨ੍ਹਾਂ ਨੀਵੀਆਂ ਜਾਤੀਆਂ ਨੂੰ ਨਿਵਾਜ ਕੇ ਉੱਚਿਆਂ ਕੀਤਾ।

ਭਾਰਤ ਵਿਚ ਓਦੋਂ ਧਰਮ-ਮੰਦਰ ਤਾਂ ਬੜੇ ਸਨ ਪਰ ਉਹ ਅਜਿਹੇ ਧਰਮ-ਅਸਥਾਨ ਸਨ ਜਿਥੇ ਕਿ ਦਾਨ ਦੇ ਆਸਰੇ ਨਿਰਬਾਹ ਕਰਨ ਵਾਲੇ ਸਾਧੂ, ਪੁਜਾਰੀ ਤੇ ਬਿਹੰਗਮ ਬੈਠੇ ਰਹਿੰਦੇ ਸਨ ਅਤੇ ਕਈ ਤਾਂ ਵਿਹਲੜ ਬਣ ਕੇ ਜੀਵਨ ਹੀ ਵਿਅਰਥ ਗਵਾ ਦੇਂਦੇ। ਨਾ ਤਾਂ ਉਹ ਕੋਈ ਕਿਰਤ ਕਰਦੇ ਸਨ ਤੇ ਨਾ ਹੀ ਸਮਾਜ-ਸੁਧਾਰ ਦਾ ਕੋਈ ਕੰਮ ਹੀ। ਸਗੋਂ

***(ਬਾਕੀ ਪੰਨਾ 27 'ਤੇ)***

# ਨਾਮ ਦੇ ਵਾਪਾਰੀ

*[ਗੁਰਪੁਰਵਾਸੀ ਭਾਈ* ***ਸਾਹਿਬ ਭਾਈ ਰਣਧੀਰ ਸਿੰਘ ਜੀ****]*

ਵਣਜਾਰੇ ਤਾਂ ਬਹੁ ਭਾਂਤੀ ਹਨ, ਪਰ ਸ਼ੁਸ਼ਕ ਮੁੱਲੀਆਂ ਵਸਤਾਂ ਦੇ ਖੋਟੀਆਂ ਵਸਤਾਂ ਦੀ ਖੇਪ ਲੱਦ ਕੇ ਲੈ ਚੱਲਣ ਵਾਲਾ ਤਾਂ ਸਾਰਾ ਸੰਸਾਰ ਹੈ। ਖਰੇ ਸੌਦੇ ਦਾ ਖਰੀਦਦਾਰ ਅਤੇ ਤੱਤ ਵਸਤੂ ਦਾ ਵਿਹਾਜਣਹਾਰਾ ਕੋਈ ਵਿਰਲਾ ਹੀ ਹੈ। ਸੱਚ ਤਾਂ ਇਹ ਹੈ ਕਿ ਵਿਹਾਜਣ ਯੋਗ ਵਖਰ ਦੀ ਸਾਰ ਹੀ ਵਿਰਲੀ ਵਾਂਜੀ ਹੈ। ਅਸਾਨੂੰ ਇਤਨਾ ਪਤਾ ਤੱਕ ਨਹੀਂ ਕਿ ਅਸਾਂ ਸੰਸਾਰ ਵਿੱਚ ਆ ਕੇ ਖੱਟ ਕੇ ਲੈ ਜਾਣਾ ਕੀ ਹੈ? ਜਿਨ੍ਹਾਂ ਪਦਾਰਥਾਂ ਦੇ ਖੱਟਣ ਹਿੱਤ ਅਸੀਂ ਨਿਤਾਪ੍ਰਤ ਖੱਖ ਖੱਪ ਮਰਦੇ ਹਾਂ, ਉਹਨਾਂ ਨੂੰ ਖੱਟ ਕਮਾ ਕੇ ਅਸਾਂ ਇਥੋਂ ਦੇ ਇਥੇ ਹੀ ਛੱਡ ਜਾਣਾ ਹੈ। ਇੱਕ ਵਿਖ ਉਹ ਪਦਾਰਥ ਅਸਾਡੇ ਨਾਲ ਨਹੀਂ ਜਾਂਦੇ, ਸਗੋਂ ਅੰਤ ਵਾਰ ਉਲਟੇ ਦੁਖਦਾਈ ਹੁੰਦੇ ਹਨ। ਨਿੱਤ ਨਵੇਂ ਦਿਨ ਦੇਖੀਦਾ ਹੈ ਕਿ ਖੋਟੇ ਪਦਾਰਥਾਂ ਨੂੰ ਛੱਡ ਕੇ ਸਭ ਖਾਲੀ ਹੱਥ ਤੁਰੇ ਜਾਂਦੇ ਹਨ। ਫਿਰ ਉਹਨਾਂ ਪਦਾਰਥਾਂ ਦੇ ਖੱਟਣ ਨੂੰ ਹੀ ਖ਼ਫ਼ਾਖੂਨ ਹੁੰਦੇ ਫਿਰਦੇ ਹਾਂ। 'ਕੂੜਾ ਸਉਦਾ ਕਰਿ ਗਏ' (ਸਲੋਕ ਫਰੀਦ ਜੀ, ਅੰਗ - ੧੩੮੦) ਦੇਖ ਕੇ ਭੀ ਅਸੀਂ ਉਹਨਾਂ ਖੋਟੇ ਸੌਦਿਆਂ ਨੂੰ ਹੱਥ ਪਾਉਂਦੇ ਹਾਂ। ਸੱਚੇ ਸੌਦੇ ਦੀ ਸਾਰ ਇੱਕ ਨਿਮਖ ਮਾਤਰ ਭੀ ਨਹੀਂ ਆਉਂਦੀ। ਇਹ ਗੱਲ ਸੁਝਦੀ ਹੀ ਨਹੀਂ ਕਿ ਅਸੀਂ ਕਿਸ ਖਰੇ ਸੌਦੇ ਨੂੰ, ਕਿਸ ਵਖਰ ਨੂੰ ਵਿਹਾਜਣ ਆਏ ਹਾਂ। ਇਤਨੀ ਸਮਝ ਭੀ ਨਹੀਂ ਔੜਦੀ ਕਿ ਅਸੀਂ ਆਏ ਹਾਂ ਤਾਂ ਕਿਸ ਲਈ ਆਏ ਹਾਂ। ਇਸ ਦਸ਼ਾ ਦੇ ਹੁੰਦਿਆਂ ਭੀ ਅਸਾਡੇ ਉੱਤੇ ਇਸ ਗੁਰਵਾਕ ਦੀ ਤਾੜਨਾ (ਜੱਟ) ਪੈਂਦੀ ਨਹੀਂ ਖੁਟਕਦੀ। ਗੁਰਵਾਕ:-

*ਆਵਨ ਆਏ ਸ੍ਰਿਸਟਿ ਮਹਿ*
*ਬਿਨੁ ਬੂਝੇ ਪਸੁ ਢੋਰ॥੧॥(੬)* *ਅੰਗ - ੨੫੧*

ਇਹ ਗੱਲ ਸੱਚ ਹੈ ਕਿ ਅਜਿਹੀ ਔੜਨੀ ਦਾ ਆਪੋਂ ਔੜਨਾ, ਅਜਿਹੀ ਬੁਝਾਰਤ ਦਾ ਆਪੋਂ ਬੁਝਣਾ ਅਤਿਅੰਤ ਹੀ ਅਸੰਭਵ ਗੱਲ ਹੈ। ਪਰ ਜੇ ਬੁਝਾਈ ਵਸਤ ਭੀ ਨਾ ਬੁਝੀ ਜਾਏ, ਫੇਰ ਕੋਈ ਥਾਂ ਮੁਕਰਨ ਨੂੰ ਹੈ? ਸਤਿਗੁਰੂ ਗੁਰੂ ਨਾਨਕ ਦੇਵ ਜੀ ਇਹ ਢੰਡੋਰਾ ਫੇਰਨ ਸ੍ਰਿਸ਼ਟੀ ਉਤੇ ਆਏ ਅਤੇ ਡੰਕੇ ਦੀ ਚੋਟ ਨਾਲ ਵਿਹਾਜਣ ਯੋਗ ਵਸਤੂ ਤੋਂ ਘੁਥੀ ਜਾਂਦੀ ਲੁਕਾਈ ਨੂੰ ਦੱਸਿਆ ਕਿ -

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥੧੪॥*** ***ਅੰਗ - ੨੩***

ਦਸ ਜਾਮੇ ਧਾਰ ਕੇ ਇਥੇ ਸੱਚੇ ਵਾਪਾਰੀ ਬਣਾਉਣ ਲਈ ਨਾਮ ਦਾ ਖੰਡਾ ਖੜ੍ਹਕਾਇਆ ਅਤੇ ਹੁਣ ਦਸਾਂ ਗੁਰਾਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵੀ ਇਸ ਨਾਮ ਦੇ ਵਪਾਰ ਦਾ ਹੀ ਨਗਾਰਾ ਬਜਾਉਂਦੇ ਹਨ। ਸਹਾਰ ਸਹਾਰ ਕੇ ਚੋਟਾਂ ਲਗਾਉਂਦੇ ਹਨ। ਘੂਕ ਸੁੱਤਿਆਂ ਨੂੰ ਬਥੇਰਾ ਜਗਾਉਂਦੇ ਹਨ। ਪਰ ਅਸੀਂ ਹਾਂ ਕਿ ਜਿਮਕਦੇ ਭੀ ਨਹੀਂ। ਅਸੀਂ ਹਾਂ ਕਿ ਕੰਨ ਵਲ੍ਹੇਟੀ ਪਏ ਹਾਂ, ਉਠਦੇ ਭੀ ਨਹੀਂ, ਰੰਚਕ ਪਸੀਜਦੇ ਨਹੀਂ। ਅਸਾਡੇ ਕੋਲੋਂ ਹੀ ਸਚਿਆਰ ਸਿੱਖ ਲਾਹਾ ਲਈ ਜਾਂਦੇ ਹਨ। ਤਿਨ੍ਹਾਂ ਨੂੰ ਦੇਖ ਦੇਖ ਕੇ ਭੀ ਅਸਾਡੇ ਚਿੱਤ ਚਾਉ ਨਹੀਂ ਉੱਠਦਾ। ਸਤਿਗੁਰੂ ਦੇ ਬਣ ਕੇ, ਗੁਰੂ ਦੇ ਗ੍ਰਹਿ ਵਿਖੇ ਸੱਚਾ ਜਨਮ ਧਾਰ ਕੇ ਭੀ ਜੇ ਅਸੀਂ ਨਾਮ ਦੇ ਵਾਪਾਰੀ ਨਹੀਂ ਬਣੇ ਤਾਂ ਅਸੀਂ ਗੁਰੂ ਘਰ ਤੋਂ ਵਾਂਝੇ ਹੋਇਆਂ ਬਪੁੜੇ ਸੰਸਾਰੀਆਂ ਉਤੇ ਕੀ ਰੋਸ ਦੋਸ਼ ਚਿਤਾਰਨਾ ਹੈ। ਨਾਮ ਦੇ ਵਾਪਾਰੀ ਗੁਰਸਿੱਖਾਂ ਦੀ ਮਹਿਮਾ ਗੁਰੂ ਜੀ ਇਸ ਬਿਧ ਕਰਦੇ ਹਨ। ਯਥਾ ਗੁਰਵਾਕ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***

**(ਬਾਕੀ ਪੰਨਾ 30 'ਤੇ)**

# ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ!'

*[ਡਾ. ਜਸਵੰਤ **ਸਿੰਘ ਜੀ ਨੇਕੀ**]*

ਸੰਗਤ ਵਿੱਚ ਅਰਦਾਸੀਆ ਸਿੰਘ ਸਾਰੀ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਖੜੋ ਕੇ ਅਰਦਾਸ ਕਰਦਾ ਹੈ। ਸਾਰੀ ਸੰਗਤ ਉਸ ਦੇ ਪਿੱਛੇ ਖਾਮੋਸ਼ ਖੜੀ ਇਸ ਅਰਦਾਸ ਵਿਚ ਧਿਆਨ ਰਾਹੀਂ ਸ਼ਾਮਿਲ ਹੁੰਦੀ ਹੈ। ਇਕ-ਇਕ ਆਪਣੀ ਆਵਾਜ਼ ਉੱਚੀ ਕਰ ਕੇ ਅਰਦਾਸੀਆ ਹੋਕਾ ਜਿਹਾ ਦੇਂਦਾ ਹੈ : ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ! ਤਦ ਸਾਰੀ ਸੰਗਤ ਉੱਚੀ ਆਵਾਜ਼ ਵਿਚ, ਇਕਸੁਰ ਹੋ ਕੇ, 'ਵਾਹਿਗੁਰੂ!' ਬੋਲ ਦਾ ਉਚਾਰਨ ਕਰ, ਅਰਦਾਸੀਏ ਦੇ ਹੋਕੇ ਦਾ ਹੁੰਗਾਰਾ ਭਰਦੀ ਹੈ। ਇਸ ਤਰ੍ਹਾਂ ਦਾ ਅਮਲ ਪੂਰੀ ਅਰਦਾਸ ਦੇ ਦੌਰਾਨ ਕਈ ਵਾਰ ਹੁੰਦਾ ਹੈ। ਇਸ ਦਾ ਕੀ ਮਹੱਤਵ ਹੈ?

ਮੁੱਖ ਤੌਰ ਤੇ ਇਹ ਬੋਲ ਅਰਦਾਸ ਕਰਨ ਵਾਲਿਆਂ ਨੂੰ ਸਾਵਧਾਨਤਾ ਦੀ ਚੇਤਾਉਨੀ ਦੇਂਦੇ ਹਨ। ਅਰਦਾਸ, ਅਸਲ ਸਾਵਧਾਨਤਾ ਦੀ ਕਿਰਿਆ ਹੈ। ਜਿਸ ਦਾ ਮਨ ਸਾਵਧਾਨ ਨਹੀਂ ਉਹ ਤਾਂ ਅਰਦਾਸ ਵਿਚੋਂ ਗ਼ੈਰ-ਹਾਜ਼ਰ ਹੈ। ਪਰ, ਅਰਦਾਸ ਵਿਚ ਤਾਂ ਹਾਜ਼ਰ ਹੋਣਾ ਲਾਜ਼ਮੀ ਹੈ। ਇਸੇ ਲਈ ਬਾਰ-ਬਾਰ 'ਵਾਹਿਗੁਰੂ' ਬੁਲਵਾ ਕੇ ਇਹ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਅਰਦਾਸ ਪੂਰੇ ਮਨ ਨਾਲ ਕਰਨੀ ਹੈ, ਅੱਧੇ ਮਨ ਨਾਲ ਵੀ ਨਹੀਂ। ਪੂਰੀ ਤਰ੍ਹਾਂ ਜੁੜ ਕੇ ਕਰਨੀ ਹੈ। ਜੁੜਨਾ ਕਿਸ ਨਾਲ ਹੈ? ਆਪਣੇ ਇਸ਼ਟ ਦੇਵ ਨਾਲ, ਗੁਰੂ ਕੇ ਸ਼ਬਦ ਨਾਲ, ਕਮਾਈ ਵਾਲਿਆਂ ਦੀ ਕਮਾਈ ਨਾਲ, ਸ਼ਹੀਦਾਂ ਦੀ ਸ਼ਹਾਦਤ ਨਾਲ, ਸਿਦਕ ਦੇ ਸ੍ਰੋਤ ਧਰਮ-ਅਸਥਾਨਾਂ ਨਾਲ, ਤੇ ਅਰਦਾਸ ਵਿਚ ਜੁੜਨ ਵਾਲੇ ਸਰਬੱਤ ਖ਼ਾਲਸਾ ਜੀ ਨਾਲ। ਅਰਦਾਸ ਵਿਚ ''ਬੋਲੋ ਜੀ 'ਵਾਹਿਗੁਰੂ!''' ਦੇ ਆਵਾਜ਼ੇ ਦਾ ਬਾਰ ਬਾਰ ਵਾਪਰਨਾ ਸਿਲਸਿਲੇਵਾਰ ਸਾਨੂੰ ਆਤਮਕ ਸ਼ਕਤੀ ਦੇ ਇਹਨਾਂ ਸ੍ਰੋਤਾਂ ਨਾਲ ਜੁੜਨ ਦੀ ਲਲਕਾਰ ਪਾਉਂਦਾ ਹੈ।

''ਬੋਲੋ ਜੀ 'ਵਾਹਿਗੁਰੂ!''' ਤੇ ਪਹਿਲਾਂ ''ਧਿਆਨ ਧਰ ਕੇ'' ਦੀ ਸਦਾਅ ਦੇ ਕੇ ਅਰਦਾਸੀਆ ਸਾਨੂੰ ਗਿਆਤ ਕਰਾਉਂਦਾ ਹੈ ਕਿ ਅਰਦਾਸ ਅਸਲ ਧਿਆਨ ਦੀ ਪ੍ਰਕਿਰਿਆ ਹੈ। ਇਹ ਧਿਆਨ ਹੈ ਕੀ? ਇਹ ਭਗਤੀ ਦੀ ਭੂਮੀ ਹੈ। ਆਪਣੇ ਧੇਅ ਉੱਪਰ ਸੁਰਤਿ ਦੇ ਇਕ-ਟਕ ਕੇਂਦ੍ਰਿਤ ਕਰਨ ਦਾ ਨਾਮ ਧਿਆਨ ਹੈ। ਭਗਤ ਨਾਮਦੇਵ ਜੀ ਧਿਆਨ ਬਾਰੇ ਕਹਿੰਦੇ ਹਨ : ''ਜਿਵੇਂ ਹਿਰਨ ਘੰਡਾਹੇੜੇ ਦੀ ਅਵਾਜ਼ ਸੁਣ ਕੇ ਆਪਣਾ ਆਪ ਭੁਲਾ ਦੇਂਦਾ ਹੈ, ਇਤਨਾ ਕਿ ਆਪਣੀ ਜਾਨ ਤਕ ਦੇ ਦੇਂਦਾ ਹੈ ਪਰ ਨਾਦ ਦਾ ਧਿਆਨ ਨਹੀਂ ਛੱਡਦਾ, ਜਿਵੇਂ ਮਛੀਆਂ ਪਕੜਦਾ ਝੀਵਰ ਆਪਣਾ ਧਿਆਨ ਮਛੀਆਂ ਵਿਚ ਹੀ ਲਾਈ ਰੱਖਦਾ ਹੈ; ਸੋਨਾ ਘੜਦਿਆਂ ਜਿਵੇਂ ਸੁਨਿਆਰਾ ਸੋਨੇ ਵੱਲ ਹੀ ਧਿਆਨ ਲਾਈ ਰਖਦਾ ਹੈ; ਜਿਵੇਂ ਜੂਆ ਖੇਡਦਾ ਜੁਆਰੀਆ ਖੇਡਾਂ ਸੁੱਟ ਕੇ ਪਾਸੇ ਦਾ ਧਿਆਨ ਕਰਦਾ ਹੈ, ਉਵੇਂ, ਹੇ ਰਾਮ, ਮੈਂ ਤੇਰਾ ਧਿਆਨ ਕਰਾਂ, ਤੇ ਬਿਨਾਂ ਤੇਰੇ ਹੋਰ ਕਿਸੇ ਨੂੰ ਵੀ ਚਿੱਤ ਵਿਚ ਨ ਲਿਆਵਾਂ।''

ਅਰਦਾਸ, ਐਸੇ ਹੀ ਧਿਆਨ ਦੀ ਵਿਸ਼ੇਸ਼ ਅਧਿਆਤਮਕ ਪ੍ਰਕਿਰਿਆ ਹੈ। ਸਿਖ ਧਰਮ ਦੇ ਅਭਿਆਸ ਪੱਖ ਵਿਚ ਧਿਆਨ ਦਾ ਬੜਾ ਮੁੱਖ ਸਥਾਨ ਹੈ। ਸਿਖ ਪਰਿਭਾਸ਼ਾ ਵਿਚ ਧਿਆਨ ਨੂੰ ਲਿਵ ਭੀ ਆਖਿਆ ਜਾਂਦਾ ਹੈ।

ਗੁਰਮਤਿ ਵਿਚਾਰਧਾਰਾ ਨੇ 'ਲਿਵ' ਤੇ 'ਧਾਤ' ਦੇ ਦੋ ਰਾਹ ਮੰਨੇ। 'ਧਾਤ' ਮਾਇਆ ਦਾ ਰਾਹ ਹੈ, 'ਲਿਵ' ਨਾਮ ਦਾ ਮਾਰਗ। ਧਾਤ, ਮਾਦਾਪ੍ਰਸਤੀ ਦੀ ਤੇ ਲਿਵ ਖ਼ੁਦਾਪ੍ਰਸਤੀ ਦੀ ਧਾਰਨਾ ਹੈ। ਸਿੱਖੀ ਦਾ ਮਾਰਗ, ਲਿਵ ਦਾ ਮਾਰਗ ਹੈ। ਇਸ ਵਿਚ ਲਿਵ-ਵਿਹੀਣ ਜ਼ਿੰਦਗੀ ਨੂੰ ਵਿਅਰਥ ਮੰਨਿਆ ਜਾਂਦਾ ਹੈ। ਧਿਆਨ ਧਰ ਕੇ 'ਵਾਹਿਗੁਰੂ!' ਬੋਲਣ ਦਾ ਆਦੇਸ਼, ਅਸਲ ਵਿਚ ਲਿਵ ਲਾਉਣ ਦਾ ਹੀ ਸੰਕੇਤ ਹੈ।ਕੇਵਲ ਲਿਵ ਰਾਹੀਂ, ਮਾਇਆ ਵਿਚ ਰਹਿੰਦਿਆਂ ਵੀ ਪ੍ਰਮਾਰਥ ਦੀ ਪ੍ਰਾਪਤੀ ਹੋ ਸਕਦੀ ਹੈ :

*ਕਹੈ ਨਾਨਕੁ, ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥ ਅੰਗ - ੯੨੧੫*

ਬੋਲੋ ਜੀ 'ਵਾਹਿਗੁਰੂ!' ਦਾ ਆਵਾਜ਼ਾ ਕੇਵਲ ਚੇਤੰਨ ਹੀ ਨਹੀਂ ਕਰਦਾ ਤੇ ਧਿਆਨ ਵਿਚ ਹੀ ਨਹੀਂ ਜੋੜਦਾ, ਸਿਮਰਨ ਦਾ ਅਭਿਆਸ ਵੀ ਕਰਾਉਂਦਾ ਹੈ। 'ਵਾਹਿਗੁਰੂ' ਸਾਡਾ ਗੁਰਮੰਤ੍ਰ ਹੈ। ਤੇ ਗੁਰਮੰਤ੍ਰ ਦੇ ਜਾਪ ਦਾ ਹਰ ਸਿੱਖ ਨੂੰ ਆਦੇਸ਼ ਹੈ। ਉਸ ਨੂੰ ਤਾਂ ਉਠਦਿਆਂ ਬੈਠਦਿਆ, ਕਿਰਤ ਵਿਰਤ ਕਰਦਿਆਂ ਵਾਹਿਗੁਰੂ ਨੂੰ ਚੇਤੇ ਰੱਖਣ ਦਾ ਆਦੇਸ਼ ਹੈ। ਸਿਮਰਨ ਤਾਂ ਸਾਡੀ ਰਹਿਤ ਦਾ ਮੁੱਢ ਹੈ। ਅਰਦਾਸ ਵਿਚ ਜਦ ਅਸੀਂ ਆਖਦੇ ਹਾਂ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਚਿਤ ਆਵੇ ਤਾਂ ਸਿਮਰਨ ਦੀ ਪ੍ਰਪੱਕਤਾ ਕੇਵਲ ਆਪਣੇ ਲਈ ਨਹੀਂ, ਸਰਬੱਤ ਖ਼ਾਲਸਾ ਜੀ ਲਈ, ਪੂਰੇ ਬੱਲ ਨਾਲ ਮੰਗ ਰਹੇ ਹੁੰਦੇ ਹਾਂ। ਇਤਨਾ ਹੀ ਨਹੀਂ, ਇਸ ਤੋਂ ਅੱਗੇ ਅਸੀਂ ਇਹ ਵੀ ਮੰਗਦੇ ਹਾਂ ਕਿ ਹੇ! ਵਾਹਿਗੁਰੂ ਦਾਤਾਰ ਜੀ 'ਸੇਈ ਪਿਆਰੇ ਮੇਲਣੇ ਜਿਨ੍ਹਾਂ ਮਿਲਿਆਂ ਵਾਹਿਗੁਰੂ ਨਾਮ ਚਿਤ ਆਵੇ। ਅਸੀਂ ਇਸ ਸਿਮਰਨ ਦਾ ਕੇਵਲ ਦਾਨ ਹੀ ਨਹੀਂ ਮੰਗਦੇ, ਬਾਰ ਬਾਰ 'ਵਾਹਿਗੁਰੂ! ਵਾਹਿਗੁਰੂ!' ਆਖ ਕੇ ਇਸ ਸਿਮਰਨ ਦਾ ਅਭਿਆਸ ਵੀ ਕਰਦੇ ਹਾਂ। ਇਸ ਪੱਖੋਂ ਬੋਲੋ ਜੀ ਵਾਹਿਗੁਰੂ' ਦਾ ਆਵਾਜ਼ਾ ਕੇਵਲ ਸਿਮਰਨ-ਰਹਿਤ ਦੀ ਚੇਤਾਵਨੀ ਹੀ ਨਹੀਂ, ਉਸ ਦਾ ਅਭਿਆਸ ਵੀ ਹੈ

ਅਰਦਾਸ ਕਰਦਿਆਂ ਅਸੀਂ ਆਪਣੇ ਕੌਮੀ ਵਿਰਸੇ ਦੀਆਂ ਅਦੁੱਤੀ ਪ੍ਰਾਪਤੀਆਂ ਨਾਲ ਜੁੜਦੇ ਹਾਂ। ਹੈਰਾਨ ਹੁੰਦੇ ਹਾਂ ਸਿੱਖੀ ਸਿਦਕ ਦੇ ਸਿਰੜ ਉਤੇ। ਚਕ੍ਰਿਤ ਹੁੰਦੇ ਹਾਂ ਹੱਠੀਆਂ ਦੇ ਹੱਠ ਉਤੇ, ਜਪੀਆਂ ਦੇ ਜਪ ਉਤੋਂ, ਤਪੀਆਂ ਦੇ ਤਪ ਉੱਤੇ, ਧਰਮ ਹੇਤ ਸੀਸ ਦੇਣ ਵਾਲਿਆਂ ਦੀ ਪ੍ਰੇਮ ਭਗਤੀ ਉੱਤੇ। ਵਿਸਮਾਦ ਵਿਚ ਆਉਂਦੇ ਹਾਂ ਆਪਣੀ ਕੌਮ ਦੇ ਕਾਰਨਾਮਿਆਂ ਨੂੰ ਯਾਦ ਕਰ ਕੇ। ਤਦ 'ਵਾਹਿਗੁਰੂ!' ਬੋਲ ਕੇ ਇਸ ਵਿਸਮਾਦ ਦਾ ਐਲਾਨ ਕਰਦੇ ਹਾਂ। ਉਸ ਗੁਰੂ ਨੂੰ 'ਵਾਹ!' ਅਥਵਾ ਮਰਹਬਾ! ਕਹਿੰਦੇ ਹਾਂ, ਜਿਸ ਦੇ ਪ੍ਰਤਾਪ ਨਾਲ ਸਾਧਾਰਨ ਜ਼ਿੰਦਗੀਆਂ ਏਡੀਆਂ ਮਹਾਨ ਆਤਮਕ ਸਿਖਰਾਂ ਉਤੇ ਜਾ ਅਪੜੀਆਂ।

ਪੰਜਾਂ ਪਿਆਰਿਆਂ ਨੂੰ ਯਾਦ ਕਰਦੇ ਹਾਂ ਤਾਂ ਆਤਮ-ਸਮਰਪਨ ਦਾ ਭਾਵ ਜਾਗਦਾ ਹੈ। ਚੌਹਾਂ ਸਾਹਿਬਜ਼ਾਦਿਆਂ ਨੂੰ ਯਾਦ ਕਰਦੇ ਹਾਂ ਤਾਂ ਅਲੌਕਿਕ ਦ੍ਰਿੜਤਾ ਦੀ ਪ੍ਰੇਰਨਾ ਮਿਲਦੀ ਹੈ। ਚਾਲੀ ਮੁਕਤਿਆਂ ਨੂੰ ਚੇਤੇ ਕਰਦੇ ਹਾਂ ਤਾਂ ਜੀ ਕਰਦਾ ਹੈ ਅਸੀਂ ਵੀ ਟੁੱਟੀ ਗੰਢਵਾ ਸਕੀਏ। ਬੰਦ ਬੰਦ ਜੁਦਾ ਕਰਵਾਉਣ ਵਾਲਿਆਂ, ਖੋਪਰੀਆਂ ਲੁਹਾਉਣ ਵਾਲਿਆਂ, ਆਰੇ ਨਾਲ ਤਨ ਚਿਰਵਾਉਣ ਵਾਲਿਆਂ ਨੂੰ ਯਾਦ ਕਰਦੇ ਹਾਂ ਤਾਂ ਮਨ ਦ੍ਰਵੀਭੂਤ ਹੋ ਉਠਦਾ ਹੈ। ਇਉਂ ਜਦ ਅਸੀਂ ਇਹਨਾਂ ਸਭਨਾਂ ਦੀ ਪਵਿੱਤਰ ਕਮਾਈ ਦਾ ਧਿਆਨ ਧਰ ਕੇ 'ਵਾਹਿਗੁਰੂ!' ਬੋਲਦੇ ਹਾਂ ਤਾਂ ਇਹ ਬੋਲ ਦ੍ਰਵੇ ਹੋਏ ਮਨ ਦੀ ਪੁਕਾਰ ਬਣ ਕੇ ਨਿਕਲਦੇ ਹਨ।

ਕਿ ਅਸੀਂ ਵੀ ਐਸੀਆਂ ਮਹਾਨ ਪ੍ਰਾਪਤੀਆਂ ਵਾਲੀ ਕੌਮ ਦੇ ਸਬੱਬ ਹਾਂ; ਕਿ ਇਸ ਕੌਮ ਦੇ ਗੌਰਵ ਦੇ ਸਾਂਝੀਦਾਰ ਅਖਵਾਉਣ ਦਾ ਮਾਣ ਸਾਨੂੰ ਵੀ ਪ੍ਰਾਪਤ ਹੈ, ਇਸ ਵਿਚਾਰ ਤੋਂ ਸ਼ੁਕਰਾਨੇ ਦੇ ਭਾਵ ਪੈਦਾ ਹੁੰਦੇ ਹਨ। ਵਾਹਿਗੁਰੂ ਬੋਲ ਕੇ ਅਸੀਂ ਮਹਿਮਾ ਸਭ ਸ਼ੁਕਰਾਨੇ ਦਾ ਆਵਾਜ਼ਾ ਦੇਂਦੇ ਹਾਂ। ਇਉਂ ਇਹਨਾਂ ਬੋਲਾਂ ਰਾਹੀਂ ਇੱਕ ਵੇਲੇ ਅਸੀਂ ਕਈ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਾਂ-ਵਿਸਮਾਦ ਦਾ, ਮਹਿਮਾ ਦਾ ਸ਼ੁਕਰਾਨੇ ਦਾ, ਭਗਤੀ ਦਾ।

'ਵਾਹਿਗੁਰੂ!' ਬੋਲ ਕੇ ਅਸੀਂ ਸੌਗੰਧ ਵੀ ਖਾਂਦੇ ਹਾਂ-ਬਚਨ-ਪੱਧਤਾ ਦੀ! ਆਪਣੇ ਬਿਰਦ ਦੀ ਪਾਲਨਾ ਦੀ, ਜਿਸ ਦੀ ਪੈਜ ਲਈ ਅਸੀਂ ਅਰਦਾਸ ਵਿਚ ਅਰਜ਼ ਗੁਜ਼ਾਰਦੇ ਹਾਂ; ਬਿਰਦ ਕੀ ਪੈਜ ਰਹੇ!' ਇਹ ਬਿਰਦ ਕੀ ਹੋ? 'ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥' ਦੀ ਪ੍ਰਤਿਗਿਆ ਹੈ। 'ਵਾਹਿਗੁਰੂ' ਐਨ ਇਸ ਪ੍ਰਤਿਗਿਆ ਦੀ ਸ਼ਪਥ ਹੈ। ਇਸੇ ਵਿਚ ਖ਼ਾਲਸੇ ਦਾ ਬੋਲ ਬਾਲਾ ਹੈ।

'ਵਾਹਿਗੁਰੂ!' ਨੂੰ ਪੁਕਾਰ ਕੇ ਅਸੀਂ ਆਪਣੀ ਅਰਦਾਸ ਵਿਚ ਉਸ ਦੀ ਬਖ਼ਸ਼ਿਸ਼ ਨੂੰ ਆਪ ਵੀ ਕਰਦੇ ਹਾਂ। ਉਸ ਦੀ ਮਿਹਰਾਮਤ ਨੂੰ ਆਪਣੀਆਂ ਲੋੜਾਂ ਉਪਰ ਬਰਸਣ ਦਾ ਸੱਦਾ ਵੀ ਦੇਂਦੇ ਹਾਂ। ਉਸ ਦੀ ਨਦਰਿ ਨੂੰ ਸਾਡੇ ਸਿਦਕ ਉਪਰ ਛਾਏ ਰਹਿਣ ਦੀ ਪੁਕਾਰ ਵੀ ਕਰਦੇ ਹਾਂ। 'ਵਾਹਿਗੁਰੂ!' ਬੋਲ ਕੇ ਅਸੀਂ ਕੇਵਲ ਆਪਣਾ ਧਿਆਨ ਵੀ ਆਪਣੇ ਵਾਹਿਗੁਰੂ ਵੱਲ ਨਹੀਂ ਮੋੜਦੇ, ਵਾਹਿਗੁਰੂ ਜੀ ਦੇ ਧਿਆਨ ਨੂੰ ਵੀ ਆਪਣੀ ਅਰਦਾਸ ਵਲ ਪ੍ਰੇਰਦੇ ਹਾਂ।

'ਵਾਹਿਗੁਰੂ!' ਦਾ ਆਵਾਜ਼ਾ, ਅਰਦਾਸ ਕਰਨ ਵਾਲਿਆਂ ਵਿਚ ਆਤਮਕ ਏਕਤਾ ਦੇ ਭਾਵ ਵੀ ਜਗਾਉਂਦਾ ਹੈ। ਇਸ ਬੋਲ ਨਾਲ ਅਰਦਾਸ-ਕਰਤਾ ਤੇ ਅਰਦਾਸ ਦੇ ਸ੍ਰੋਤਿਆਂ ਵਿਚਾਲੇ ਆਤਮਕ ਸੰਬੰਧ ਮੌਲਦਾ ਹੈ; ਇਕੱਲੇ-ਇਕੱਲੇ ਜਿਖ ਤੇ ਸਮੁੱਚੀ ਸੰਗਤ ਵਿਚਾਲੇ ਵੀ ਇਕ ਪ੍ਰਾਣਧਾਰੀ ਏਕਤਾ ਜਾਗਦੀ ਹੈ। ਜੋ ਜੋ ਪ੍ਰਾਣੀ ਉੱਚੀ ਆਵਾਜ਼ ਨਾਲ ਇਨ੍ਹਾਂ ਬੋਲਾਂ ਦੀ ਹੁੰਗਾਰ ਭਰਦਾ ਹੈ, ਆਪਣੀ ਆਤਮਾ ਨੂੰ ਸਾਰੀ

ਸੰਗਤ ਦੀ ਇਕਾਗਰ ਹੋਈ ਆਤਮਾ ਵਿਚ ਵਿਲੀਨ ਕਰਦਾ ਹੈ। ਇਉਂ ਉਹ ਇਕ ਅਲੌਕਿਕ ਆਤਮਕ ਏਕਤਾ ਦਾ ਹੁਲਾਰਾ ਮਾਣਦਾ ਹੈ।

'ਬੋਲੋ ਜੀ ਵਾਹਿਗੁਰੂ' ਦੇ ਬੋਲ, ਇਸ ਨਾਤੇ, ਬੜੇ ਮਹੱਤਵ ਵਾਲੇ ਬੋਲ ਹਨ। ਅਰਦਾਸ ਦੇ ਹਰ ਸ੍ਰੋਤੇ-ਸਾਧਕ ਲਈ ਬਣ ਆਉਂਦਾ ਹੈ ਕਿ ਉਹ ਹਰ ਵਾਰ ਇਸ ਆਵਾਜੇ ਦਾ ਸਿਦਕ ਨਾਲ ਹੁੰਗਾਰਾ ਭਰੇ। ਅਰਦਾਸੀਏ ਵਲੋਂ ਵਾਹਿਗੁਰੂ ਬੋਲਣ ਦਾ ਆਮੰਤ੍ਰਣ ਸੁਣ ਕੇ ਵੀ ਜੋ ਚੁਪ ਕਰ ਰਹਿੰਦੇ ਹਨ, ਆਪਣਾ ਧਰਮ ਨਹੀਂ ਨਿਭਾ ਰਹੇ ਹੁੰਦੇ –

***ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ॥***

*ਅੰਗ – ੫੪੭*

*(ਪੁਸਤਕ 'ਅਰਦਾਸ' ਵਿਚੋਂ )*

---

## *(ਪੰਨਾ 23 ਦੀ ਬਾਕੀ)*

ਉਹ ਸਮਾਜ ਉੱਪਰ ਇਕ ਭਾਰ ਸਨ ਤੇ ਸਮਾਜ ਦੀਆਂ ਕਈ ਕੁਰੀਤੀਆਂ ਦਾ ਕਾਰਨ ਬਣੇ ਹੋਏ ਸਨ। ਗੁਰੂ ਜੀ ਨੇ ਸਿੱਖੀ ਦਾ ਕੇਂਦਰ ਬਣਾਉਣ ਤੇ ਇਥੇ ਲੋਕਾਂ ਨੂੰ ਵਸਾਉਣ ਵੇਲੇ ਧਰਮ ਦੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਨੂੰ ਤਰਜੀਹ ਦਿੱਤੀ। ਉਨ੍ਹਾਂ ਵਾਹੀ, ਵਪਾਰ, ਹੁਨਰ ਤੇ ਕੰਮ ਕਰਨ ਵਾਲਿਆਂ ਨੂੰ 'ਜੀ ਆਇਆ' ਕਿਹਾ। ਜੋ ਕਿਰਤ ਦੁਆਰਾ ਲੋਕਾਂ ਦੀ ਆਰਥਕ ਹਾਲਤ ਸੁਧਾਰਦੇ ਸਨ, ਮਿਹਨਤ ਤੇ ਮੁਸ਼ੱਕਤ ਨਾਲ ਰੋਜ਼ੀ ਕਮਾਂਦੇ ਸਨ, ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਮਦਦ ਕੀਤੀ। ਸਪੱਸ਼ਟ ਹੈ ਕਿ ਭਗਤੀ, ਪ੍ਰੇਮ, ਸੇਵਾ ਤੇ ਆਚਰਨ ਦੀ ਉਸਾਰੀ ਦੇ ਨਾਲ ਨਾਲ ਲੋਕਾਂ ਦੀਆਂ ਨਿੱਤ ਦੀਆਂ ਲੋੜਾਂ ਤੇ ਆਰਥਕ ਸਮੱਸਿਆਵਾਂ ਵਲ ਵੀ ਧਿਆਨ ਦਿੱਤਾ ਗਿਆ। ਪਰਾਧੀਨ ਰਹਿ ਕੇ ਨਿਰਬਾਹ ਕਰਨ ਵਾਲਿਆਂ ਦੇ ਵਿਚਾਰ ਕਦੇ ਸੁਤੰਤਰ ਨਹੀਂ ਹੋ ਸਕਦੇ। ਉਨ੍ਹਾਂ ਦੇ ਆਦਰਸ਼ ਕਦੇ ਉੱਚੇ ਨਹੀਂ ਹੋ ਸਕਦੇ। ਦੂਜੇ ਦੇ ਧਨ ਤੇ ਦਾਨ ਵਲ ਹੀ ਨਜ਼ਰ ਰੱਖਣ ਵਾਲਾ ਵਿਹਲੜ, ਮਖੱਟੂ ਤਾਂ ਸਮਾਜ ਲਈ ਬੋਝਲ ਹੀ ਨਹੀਂ ਸਗੋਂ ਮਾਨਸਿਕ ਤੌਰ ਤੇ ਨਿਰਜਿੰਦ ਹੋ ਜਾਂਦਾ ਹੈ।

ਗੁਰੂ ਅਮਰਦਾਸ ਨੇ ਸਿੱਖਾਂ ਦੇ ਤੀਰਥ-ਅੰਮ੍ਰਿਤਸਰ ਨੂੰ ਅਜਿਹਾ ਧਾਰਮਿਕ ਕੇਂਦਰ ਬਣਨ ਤੋਂ ਬਚਾਇਆ ਅਤੇ ਇਥੋਂ ਦੇ ਵਸਨੀਕਾਂ ਨੂੰ ਸੁਤੰਤਰ ਤੌਰ ਤੇ ਰੋਜ਼ੀ ਕਮਾਉਣ ਵਿੱਚ ਸਹਾਇਤਾ ਦੇ ਕੇ ਉਨ੍ਹਾਂ ਦਾ ਉਪਜਾਊ ਤੇ ਉਸਾਰੂ ਪੱਖ ਉਜਾਗਰ ਕੀਤਾ।

ਧਰਮ ਖੇਤਰ ਵਿਚ ਇਕ ਪੁਰਾਣਾ ਖ਼ਿਆਲ ਇਹ ਸੀ ਕਿ ਰਿਸ਼ੀਆਂ, ਅਵਤਾਰਾਂ, ਗੁਰੂਆਂ, ਸੰਤਾਂ ਅਤੇ ਮਹਾਤਮਾ ਲੋਕਾਂ ਦਾ ਕੰਮ ਸਿਰਫ਼ ਆਤਮਕ ਉਪਦੇਸ਼ ਦੇਣਾ ਹੈ। ਇਹੋ ਕਾਰਨ ਹੈ ਕਿ ਪੁਰਾਣੇ ਸਮਿਆਂ ਵਿਚ ਰਿਸ਼ੀਆਂ ਮੁਨੀਆਂ ਜਾਂ ਆਚਾਰਯ ਲੋਕਾਂ ਅਤੇ ਧਾਰਮਕ ਆਗੂਆਂ ਨੇ ਮਨੁੱਖ ਜਾਤੀ ਨੂੰ ਕੇਵਲ ਇਕ ਪੱਖ ਤੋਂ ਹੀ ਉੱਚਿਆਂ ਕੀਤਾ ਤੇ ਉਹ ਸੀ – ਪਰਮਾਰਥਕ। ਜੀਵਨ ਦੇ ਹੋਰ ਪੱਖਾਂ ਨੂੰ ਅੱਖੋਂ ਓਹਲੇ ਰੱਖਿਆ ਗਿਆ। ਪਰ ਸਿੱਖ-ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੀ ਜ਼ਿੰਦਗੀ ਦੇ ਹੋਰ ਪਹਿਲੂਆਂ ਵੱਲ ਧਿਆਨ ਦਿੱਤਾ ਗਿਆ। ਕਹਿੰਦੇ ਹਨ-ਗ਼ਰੀਬੀ ਤੇ ਪਾਪ ਇਕੱਠੇ ਤੁਰਦੇ ਹਨ। ਭਾਵ ਇਹ ਕਿ ਗ਼ਰੀਬੀ ਤੇ ਭੁੱਖ ਨਾਲ ਮਰਦੇ ਇਨਸਾਨ ਜੁਰਮ ਵਲ ਪ੍ਰੇਰੇ ਜਾਂਦੇ ਹਨ। ਮਨੁੱਖ ਨੂੰ ਅਜਿਹੀ ਗਿਰਾਵਟ ਤੇ ਮੰਗਣ ਦੀ ਭੈੜੀ ਵਿਆਧੀ ਤੋਂ ਬਚਾਉਣ ਲਈ ਗੁਰੂ ਰਾਮਦਾਸ ਜੀ ਨੇ ਆਤਮਕ ਉੱਚਤਾ, ਸਮਾਜਕ ਤੇ ਭਾਈਚਾਰਕ ਸਾਂਝ ਦੇ ਨਾਲ ਨਾਲ ਆਰਥਕ ਉਸਾਰੀ ਤੇ ਸ੍ਵੈ-ਸੰਪੂਰਨਤਾ ਦੀ ਵੀ ਪ੍ਰੇਰਨਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਬੇਅੰਤ ਹਨ ਤੇ ਅਕਥਨੀਯ ਹਨ। ਸਾਡੀ ਸੋਚ ਤੇ ਕਲਮ ਵਿਚ ਇਤਨੀ ਤਾਕਤ ਨਹੀਂ ਕਿ ਸਤਿਗੁਰੂ ਜੀ ਦੇ ਸਾਰੇ ਗੁਣ ਬਿਆਨ ਕਰ ਸਕਣ। ਗੁਣਾਂ ਦੇ ਖ਼ਜ਼ਾਨੇ ਸੋਢੀ ਸੁਲਤਾਨ ਦੀ ਇਕ ਬਹੁਮੁੱਲੀ ਦੇਣ ਹੈ। 'ਅੰਮ੍ਰਿਤਸਰ, ਸਿਫ਼ਤੀ ਦਾ ਘਰ'। ਆਪ ਦੀ ਇਹ ਆਦਰਸ਼ ਰਚਨਾ ਹੁਣ ਤਕ ਕਾਇਮ ਹੈ ਜੋ ਕਿ ਯਾਦਗਾਰ ਹੈ। ਇੱਥੇ ਨਿੱਤ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਤੇ ਉਤਸ਼ਾਹ ਨਾਲ ਆਉਂਦੀਆਂ ਹਨ ਤੇ ਮਨ ਉਤੇ ਆਤਮਕ ਸ਼ਾਂਤੀ ਲੈ ਕੇ ਪਰਤਦੀਆਂ ਹਨ।

***ਧੰਨ ਧੰਨ ਰਾਮਦਾਸ ਗੁਰੁ,***
***ਜਿਨਿ ਸਿਰਿਆ ਤਿਨੈ ਸਵਾਰਿਆ॥***
***ਪੂਰੀ ਹੋਈ ਕਰਾਮਾਤਿ***
***ਆਪਿ ਸਿਰਜਣਹਾਰੈ ਧਾਰਿਆ॥***
***ਸਿਖੀ ਅਤੈ ਸੰਗਤੀ***
***ਪਾਰਬ੍ਰਹਮੁ ਕਰਿ ਨਮਸਕਾਰਿਆ॥***
***ਅਟਲੁ ਅਥਾਹੁ ਅਤੋਲੁ ਤੂ***
***ਤੇਰਾ ਅੰਤੁ ਨ ਪਾਰਾਵਾਰਿਆ॥***

***(ਸਤੇ ਬਲਵੰਡ ਦੀ ਵਾਰ)***

# ਨਿਜ-ਬੀਤੀਆਂ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰ-ਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਬੇਅੰਤ ਸੇਵਾ ੨੨-੨੩ ਸਾਲ ਨਿਭਾਈ। ਬਾਉਲੀ ਸਾਹਿਬ ਦੀ ਖੁਦਵਾਈ ਸਮੇਂ ਗਾਰ ਦੀ ਟੋਕਰੀ ਦਿਨ ਰਾਤ ਢੋਂਦੇ ਰਹੇ। ਆਪ ਦੀ ਅਤੁੱਟ ਸੇਵਾ ਸਦਕਾ ਜਿਥੇ ਆਪ ਦੇ ਅੰਦਰ ਗੁਰਮਤਿ ਗਰੀਬੀ, ਨਿਮਰਤਾ, ਹਲੀਮੀ ਆਦਿ ਦੈਵੀ ਗੁਣਾਂ ਦਾ ਨਿਵਾਸ ਸੀ ਉਥੇ ਗੁਰਮਤਿ-ਗਿਆਨ ਸਦਕਾ, ਦੈਵੀ ਜੋਤਿ ਦੇ ਪ੍ਰਕਾਸ਼ ਸਦਕਾ, ਸਭ ਤਰ੍ਹਾਂ ਦੀ ਸੋਝੀ ਹੋ ਆਈ।

ਗੋਇੰਦਾ (ਗੱਦਾ) ਨਾਮੀ ਮਰਵਾਹਾ ਖਤ੍ਰੀ, ਜਿਸ ਨੇ ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ ਗੋਇੰਦਵਾਲ ਨਗਰ ਵਸਾਇਆ ਸੀ, ਦੇ ਪੁੱਤਰ ਨੂੰ ਗੁਰੂ ਘਰ ਦੇ ਦੋਖੀਆਂ ਨੇ ਚੁਕਿਆ ਚੁਕਾਇਆ ਕਿ ਰਾਜ-ਦਰਬਾਰ ਵਿਚ ਅਰਜ਼ੀ ਦੇਹ ਕਿ ਤੇਰੇ ਪਿਤਾ ਦੀ ਜ਼ਮੀਨ ਤੇ ਗੁਰੂ ਅਮਰ ਦਾਸ ਜੀ ਨੇ ਕਬਜ਼ਾ ਜਮਾ ਲਿਆ ਹੈ, ਉਨ੍ਹਾਂ ਤੋਂ ਕਬਜ਼ਾ ਮੈਨੂੰ ਦਿਵਾਇਆ ਜਾਵੇ। ਲਾਹੌਰ ਦਰਬਾਰ ਦੇ ਨਵਾਬ ਨੇ ਗੁਰੂ ਦਰਬਾਰ ਦੀ ਚੜ੍ਹਤ ਅਖੀਂ ਜਾ ਕੇ ਵੇਖੀ ਤਾਂ ਸੰਗਤ ਵਿਚ ਬੰਦਗੀ ਦਾ ਪਰਵਾਹ ਅਤੇ ਲੰਗਰ ਵਿਚ ਗਰੀਬ ਅਮੀਰ ਅਤੇ ਉਚ ਨੀਚ ਨਾਲ ਇਕ ਬਰਾਬਰ ਵਰਤਾਉ ਵੇਖ ਕੇ ਕੀਲਿਆ ਗਿਆ। ਉਸ ਵੇਖਿਆ ਕਿ ਗੁਰੂ ਮਹਾਰਾਜ ਦਾ ਤਾਂ ਕਿਸੇ ਨਾਲ ਵੈਰ ਵਿਰੋਧ ਹੀ ਨਹੀਂ, ਸਗੋਂ ਸਭ ਦੀ ਰੱਖਿਆ ਤੇ ਸਹਾਇਤਾ ਕਰਦੇ ਹਨ। ਉਸ ਨੇ ਉਸ ਦੀ ਅਰਜ਼ੀ ਖ਼ਾਰਜ ਕਰ ਦਿਤੀ।

ਇਥੋਂ ਸਫਲਤਾ ਨਾ ਹੋਣ ਤੇ ਮਰਵਾਹਾ ਖਤਰੀ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਲੈ ਕੇ ਗਿਆ।ਸ਼ਾਹੀ ਦਰਬਾਰ ਵਿਚ ਜੋ ਵੀ ਸ਼ਿਕਾਇਤ ਲੈ ਕੇ ਜਾਂਦਾ, ਉਸ ਨੂੰ ਦਰਬਾਰ ਦੇ ਬਾਹਰ ਪਿਆ ਨੀਲੇ ਰੰਗ ਦਾ ਇਕ ਖਾਸ ਕਿਸਮ ਦਾ ਚੋਲਾ ਪਾ ਕੇ ਅੰਦਰ ਜਾਣਾ ਪੈਂਦਾ ਸੀ। ਇਹ ਚੋਲਾ ਨਿਤ ਵਰਤੋਂ ਵਿਚ ਆਉਣ ਕਰ ਕੇ ਮੈਲ ਨਾਲ ਕਾਲਾ ਜਿਹਾ ਅਤੇ ਜੂੰਆਂ ਨਾਲ ਭਰਿਆ ਹੋਇਆ ਸੀ। ਇਹ ਚੋਲਾ ਪਾ ਕੇ ਮਰਵਾਹਾ ਆਪਣੇ ਸਾਥੀ ਨੌਕਰ ਸਮੇਤ ਦਰਬਾਰ ਵਿਚ ਸ਼ਿਕਾਇਤੀ ਹੋਇਆ।

ਗੁਰੂ ਅਮਰ ਦਾਸ ਜੀ ਨੇ ਆਪਣੇ ਵਲੋਂ ਗੁਰੂ-ਘਰ ਦੀ ਪੈਰਵੀ ਕਰਨ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਦਰਬਾਰ ਵਿਚ ਭੇਜਿਆ। ਭਾਈ ਜੇਠਾ ਜੀ ਨੇ ਆਪਣੀ ਉੱਜਲ ਮਤਿ ਸਦਕਾ ਗੁਰੂ-ਘਰ ਦੇ ਆਦਰਸ਼ ਤੇ ਵਡਿਆਈ ਨੂੰ ਐਸੀ ਮਿਠਤ, ਹਲੀਮੀ ਅਤੇ ਸੁਚੱਜਤਾ ਨਾਲ ਪੇਸ਼ ਕੀਤਾ, ਕਿ ਬਾਦਸ਼ਾਹ ਅਤੇ ਦਰਬਾਰੀਆਂ ਦੀ ਨਿਸ਼ਾ ਹੋ ਗਈ, ਜਿਸ ਕਰਕੇ ਇਨ੍ਹਾਂ ਦੋਹਾਂ ਸ਼ਿਕਾਇਤੀਆਂ ਨੂੰ ਜੁੱਤੀਆਂ ਮਾਰਦਿਆਂ ਧੱਕੇ ਦੇ ਕੇ ਦਰਬਾਰ ਵਿਚੋਂ ਕੱਢ ਦਿੱਤਾ ਗਿਆ। ਮਰਵਾਹੇ ਖਤਰੀ ਦੀ ਸਭ ਪਾਸੇ ਐਸੀ ਖ਼ੁਨਾਮੀ ਹੋਈ ਕਿ ਕਿਤੇ ਮੂੰਹ ਦੇਣ ਜੋਗਾ ਨਾ ਰਿਹਾ, ਸਿਖ ਸੰਗਤਾਂ ਅਤੇ ਕੁੜਮਾਂ-ਸ਼ਰੀਕਾਂ ਨੇ ਉਸ ਨੂੰ ਮੂੰਹ ਲਾਉਣਾ ਵੀ ਯੋਗ ਨਾ ਸਮਝਿਆ।

ਇਸੇ ਤਰ੍ਹਾਂ ਗੋਇੰਦਵਾਲ ਇਕ ਤਪਾ ਰਹਿੰਦਾ ਸੀ, ਉਹ ਵੀ ਆਪਣੀ ਮਾਨਤਾ ਘਟਦੀ ਵੇਖ ਕੇ ਗੁਰੂ- ਘਰ ਨਾਲ ਬੜੀ ਈਰਖਾ ਕਰਦਾ ਸੀ ਅਤੇ ਨਿਤ ਗੁਰੂ-ਦਰਬਾਰ ਦੇ ਬਰਖਿਲਾਫ਼ ਊਜਾਂ ਲਾ ਕੇ ਹੋਰਨਾਂ ਨੂੰ ਚੁੱਕਦਾ ਅਤੇ ਗੁਰੂ-ਘਰ ਨਾਲ ਵੈਰ ਕਮਾਉਣੋਂ ਟਲਦਾ ਨਹੀਂ ਸੀ।

ਗੁਰੂ ਰਾਮਦਾਸ ਜੀ ਗੁਰ-ਗੱਦੀ ਬੈਠਣ ਤੋਂ ਪਹਿਲਾਂ ਮਰਵਾਹੇ ਖੱਤ੍ਰੀ ਅਤੇ ਜੰਗੀ ਦੀਆਂ ਗੁਰੂ-ਘਰ ਲਈ ਕੀਤੀਆਂ ਕਾਲੀਆਂ ਕਰਤੂਤਾਂ ਅੱਖੀਂ ਵੇਖਦੇ ਅਤੇ ਪੜਚੋਲਦੇ ਰਹੇ ਸਨ। ਗੁਰ-ਗੱਦੀ ਪ੍ਰਾਪਤੀ ਹੋਣ ਤੇ ਗੁਰੂ ਪਾਤਸ਼ਾਹ ਨੇ ਗਉੜੀ ਰਾਗ ਵਿਚ ਇਨ੍ਹਾਂ ਗੁਰੂ-ਘਰ ਦੇ ਦੋਖੀਆਂ ਅਤੇ ਗੁਰੂ ਘਰ ਤੋਂ ਬੇਮੁਖ ਹੋਏ ਨਿੰਦਕਾਂ ਦੁਸ਼ਟਾਂ ਦੀ ਚੰਗੀ ਤਰ੍ਹਾਂ ਕਲੀ ਖੋਲ੍ਹੀ ਹੈ।

ਮਰਵਾਹੇ ਖਤਰੀ ਦੀ ਜੋ ਦੁਰਦਸ਼ਾ ਅਕਬਰ ਦੇ ਦਰਬਾਰ ਵਿਚ ਹੋਈ ਸੀ, ਉਸ ਦਾ ਜ਼ਿਕਰ ੧੨ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਆਪ ਜੀ ਇਉਂ ਕਰਦੇ ਹਨ -

*ਮਲੁ ਜੁਈ ਭਰਿਆ ਨੀਲਾ ਕਾਲਾ ਖਿਧੋਲੜਾ*
*ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥*
*ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ*
*ਗੂਹ ਪੜਿ ਸਗਲੀ ਮਲੁ ਲਾਇ ਮਨਮੁਖੁ ਆਇਆ॥*
*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ*
*ਓਥੈ ਭੀ ਮੁਹੁ ਕਾਲਾ ਦੁਹਾ ਬੇਮੁਖਾ ਦਾ ਕਰਾਇਆ॥*
*ਤੜ ਸੁਣਿਆ ਸਭਤੁ ਜਗਤ ਵਿਚਿ ਭਾਈ*
*ਵੇਮੁਖੁ ਸਣੈ ਨਫਰੈ ਪਉਲੀ ਪਉਦੀ*
*ਫਾਵਾ ਹੋਇ ਕੈ ਉਠਿ ਘਰਿ ਆਇਆ॥*
*ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ*
*ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥*
*ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥*
*ਅੰਗ - ੩੦੬*

ਇਸ ਤਰ੍ਹਾਂ ਮਾਇਆ ਦੇ ਮੁੱਠੇ ਤਪੇ ਜੋਗੀ ਦੀਆਂ ਕਾਲੀਆਂ ਕਰਤੂਤਾਂ ਨੂੰ ਇਉਂ ਨਸ਼ਰ ਕਰਦੇ ਹਨ -

*ਤਪਾ ਨਾ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥*
*ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ*
*ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥*
*ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥*
*ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ*
*ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥*
*ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ,*
*ਬਹਿ ਸਾਧ ਜਨਾ ਵੀਚਾਰਿਆ॥*
*ਸਤ ਪੁਰਖ ਕੀ ਤਪਾ ਨਿੰਦਾ ਕਰੈ,*
*ਸੰਸਾਰੈ ਕੀ ਉਸਤਤੀ ਵਿਚਿ ਹੋਵੈ*
*ਏਤੁ ਦੋਖੈ ਤਪਾ ਦਯਿ ਮਾਰਿਆ!*
*ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ*
*ਸਭੁ ਗਇਆ ਤਪੇ ਕਾ ਘਾਲਿਆ॥*
*ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਇ॥*
*ਅੰਦਰਿ ਬਾਹੈ ਤਪਾ ਪਾਪ ਕਮਾਇ॥*
*ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥*
*ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ*
*ਏਸੁ ਤਪੈ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥*
*ਫੇਰ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ,*
*ਏਹੁ ਸਤਿਗੁਰਿ ਹੈ ਫਿਟਕਾਰਿਆ॥੧॥੩॥*
*ਅੰਗ - ੩੧੫-੧੬*

ਮਨਮੁਖਾਂ, ਅਗਿਆਨੀਆਂ, ਗੁਰ-ਨਿੰਦਕਾਂ ਤੇ ਪਾਪ-ਕਰਮੀਆਂ ਨੂੰ ਗੁਰੂ ਰਾਮਦਾਸ ਜੀ ਨੇ ਇਸ ਵਾਰ ਨਾਲ ਦਿੱਤੇ ਸਲੋਕਾਂ ਵਿਚ, ਉਘਾੜ ਕੇ ਨਿਖਰਿਆ ਹੈ। ਜਿਹਾ ਕਿ -

*ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ*
*ਅਗਿਆਨ ਮੁਠਾ ਬਿਖੁ ਮਾਇਆ॥*
*ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ,*
*ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ॥*
*ਓਹੁ ਗਲ ਫਰੋਸੀ ਕਰੇ ਬਹੁਤੇਰੀ*
*ਓਸ ਦਾ ਬੋਲਿਆ ਕਿਸੈ ਨ ਭਾਇਆ॥*
*ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ*
*ਓਸੁ ਨਾਲਿ ਮੁਹੁ ਜੋੜੇ*
*ਓਸੁ ਭੀ ਲਛਣੁ ਲਾਇਆ॥੨॥੮॥ ਅੰਗ - ੩੦੩*

ਫਿਰ ਕਾਮ-ਵਿਆਪੇ ਜੋ ਪੁਰਖ, ਇਸਤ੍ਰੀਆਂ ਦੇ ਜਾਲ ਵਿਚ ਫਸ ਕੇ ਉਨ੍ਹਾਂ ਦੇ ਹੁਕਮ ਮੰਨਦੇ ਹਨ, ਉਨ੍ਹਾਂ ਮਨਮੁਖਾਂ ਨੂੰ ਗੰਦੇ ਤੇ ਮੂਰਖ ਮੁਗਧ ਕਹਿ ਕੇ ਇਉਂ ਛੁਟਕਾਰਿਆ ਹੈ-

*ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ*
*ਨਿਤ ਦੇਵਹਿ ਭਲਾ॥*
*ਜੋਰਾ ਦਾ ਆਖਿਆ ਪੁਰਖ ਕਮਾਵਦੇ*
*ਸੋ ਅਪਵਿਤ ਅਮੇਧ ਖਲਾ॥*
*ਕਾਮਿ ਵਿਆਪੇ ਕੁਸੁਧ ਨਰ ਸੇ,*
*ਜੋਰਾ ਪੁਛਿ ਚਲਾ॥੨॥੯॥ ਅੰਗ - ੩੦੪*

ਸਤਿਗੁਰੂ ਦਾ ਸ਼ਰੀਕਾ ਕਰਨ ਅਤੇ ਵੈਰ ਵਿਰੋਧ ਕਰਨ ਵਾਲਿਆਂ ਪ੍ਰਥਾਇ ਫ਼ੁਰਮਾਂਦੇ ਹਨ -

*ਸਤਿਗੁਰ ਸੇਤੀ ਗਣਤ ਜਿ ਰਖੈ*
*ਹਲਤੁ ਪਲਤੁ ਸਭੁ ਤਿਸ ਕਾ ਗਇਆ॥*
*ਨਿਤ ਝਹੀਆ ਪਾਏ ਝਗੂ ਸੁਟੇ*
*ਝਖਦਾ ਝਖਦਾ ਝੜਿ ਪਇਆ॥*
*ਨਿਰਵੈਰੈ ਨਾਲਿ ਜਿ ਵੈਰੁ ਰਚਾਏ*
*ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥*
*ਓਸੁ ਅਗੈ ਪਿਛੈ ਢੋਈ ਨਾਹੀ*
*ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥੨॥੧੩॥*

ਐਸੇ ਗੁਰ-ਨਿੰਦਕ ਦੇ ਮੂੰਹ ਵਿਚ ਅੰਬ-ਰੋਗ ਆ ਚੰਬੜਦਾ ਹੈ। ਫਿਰ ਪਖੰਡੀ ਗੁਰੂਆਂ ਦੇ ਚਾਟੜਿਆਂ ਨੂੰ ਸੁਮੱਤ ਬਖਸ਼ਦੇ ਹਨ ਕਿ -

*ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ*
*ਤਿਸ ਦਾ ਨਫਰੁ ਕਿਥਹੁ ਰਜਿ ਖਾਏ॥*
*ਜਿ ਸਾਹਿਬ ਕੈ ਘਰਿ ਵਥੁ ਹੋਵੈ*
*ਸੁ ਨਫਰੈ ਹਥਿ ਆਵੈ ਅਨਹੋਦੀ ਕਿਥਹੁ ਪਾਏ॥*
*ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ*
*ਸਾ ਸੇਵਾ ਅਉਖੀ ਹੋਈ॥*

*ਨਾਨਕ ਸੇਵਾ ਕਰਹੁ ਹਰਿ ਸਫਲ ਦਰਸਨ*
*ਕੀ ਫਿਰਿ ਲੇਖਾ ਮੰਗੈ ਨ ਕੋਈ॥੨॥੧੨॥*

*ਅੰਗ - ੩੦੬*

ਗੁਰੂ ਰਾਮਦਾਸ ਜੀ ਨਿੰਦਕਾਂ ਦੁਸ਼ਟਾਂ ਨੂੰ ਫਿਟਕਾਰ ਪਾਂਦੇ ਹੋਏ ਸਤਿਗੁਰੂ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਸੋਭਾ ਬਿਆਨ ਕਰਦੇ ਦੱਸ ਰਹੇ ਹਨ ਕਿ ਸਤਿਗੁਰੂ ਨਿਰਵੈਰ ਹੈ, ਨਿਰਭਉ ਹੈ ਅਤੇ ਉਸ ਨੂੰ ਕਿਸੇ ਦਾ ਡਰ ਨਹੀਂ। ਉਸ ਦਾ ਦਰਬਾਰ ਸੱਚੇ ਪ੍ਰਭੂ ਦਾ ਆਪਣਾ ਦਰਬਾਰ ਹੈ, ਜੋ ਆਪਣੀ ਸ਼ਕਤੀ ਨਾਲ ਗੁਰੂ-ਘਰ ਦੇ ਦੋਖੀਆਂ ਨੂੰ ਗੁਰੂ-ਦਰਬਾਰ ਵਿਚ ਆ ਕੇ ਨਿਵਾਂਦਾ ਹੈ ਅਤੇ ਆਪਣੇ ਭਗਤਾਂ ਦੀ ਆਪ ਰੱਖਿਆ ਕਰਦਾ ਹੈ। ਫੁਰਮਾਨ ਹੈ -

*ਜਿਨ ਕਉ ਆਪਿ ਦੇਇ ਵਡਿਆਈ,*
*ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ॥*
*ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ,*
*ਸਭ ਕਰਤਾ ਆਪਣੀ ਕਲਾ ਵਧਾਏ॥*
*ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ,*
*ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥*
*ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ,*
*ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥*
*ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ*
*ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ॥੨॥੧੪॥*

---

## *(ਪੰਨਾ 18 ਦੀ ਬਾਕੀ)*

*ਰਾਖਹੁ ਦਾਸ ਭਾਟ ਕੀ ਲਾਜ॥ ਅੰਗ - ੧੪੦੦*

**ਅੰਤਮ ਸਮਾਂ**

ਸ੍ਰੀ ਗੁਰੂ ਰਾਮਦਾਸ ਜੀ ਦੇ ਅੰਤਮ ਸਮੇਂ ਗੁਰਗੱਦੀ ਦੇਣ ਵੇਲੇ ਪਰਿਵਾਰ ਵਿਚ ਅੰਤਰ-ਵਿਰੋਧ ਉਠਿਆ ਪਰ ਜੋ ਅਕਾਲੀ ਹੁਕਮ ਅਨੁਸਾਰ ਹੱਕ ਰਖਦਾ ਸੀ ਇਹ ਵਡਿਆਈ ਤਾਂ ਉਸੇ ਨੂੰ ਮਿਲਣੀ ਸੀ। ਸੋ ਗੁਰਗਦੀ ਦੇ ਹੱਕਦਾਰ ਬਣੇ ਸ੍ਰੀ ਗੁਰੂ ਅਰਜਨ ਦੇਵ!

*ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜਨ ਕਉ ਦੇ ਆਇਅਉ॥ ਅੰਗ - ੧੪੦੯*

ਅੱਗੋਂ ਗੁਰਗੱਦੀ ਦਾ ਛਤਰ ਸ੍ਰੀ ਗੁਰੂ ਅਰਜਨ ਦੇਵ ਸਿਰ ਝੁਲਾ ਕੇ ਆਪ ਭਾਦੋਂ ਸੁਦੀ ੩, ਸੰਮਤ ੧੬੩੮, ਮੁਤਾਬਕ ੨ ਸਤੰਬਰ ੧੫੮੧ ਦਿਨ ਸ਼ਨਿਚਰਵਾਰ ਨੂੰ ਜੋਤੀ ਜੋਤਿ ਸਮਾ ਗਏ।

## *(ਪੰਨਾ 24 ਦੀ ਬਾਕੀ)*

*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥(੧੧)*

*ਅੰਗ - ੩੦੬*

ਨਾਮ ਦੇ ਵਾਪਾਰੀ ਦਾ ਇਹ ਵਾਪਾਰ ਇਕ ਅਜਿਹਾ ਵਾਪਾਰ ਹੈ ਜੋ ਲੋਕ ਪਰਲੋਕ ਵਿਚ ਜੀਅ ਦੇ ਨਾਲ ਨਿਭਦਾ ਹੈ। ਇਸ ਦਾ ਲਾਹਾ ਲੈ ਕੇ ਨਾਲ ਲੈ ਚਲਣਾ ਹੈ, ਇਥੇ ਨਹੀਂ ਛੱਡ ਜਾਣਾ। ਕੂੜਾਵੇ ਧਨ - ਧਾਮ ਤਾਂ ਇਥੇ ਦੇ ਇਥੇ ਰਹਿ ਜਾਂਦੇ ਹਨ, ਪਰ 'ਇਹ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥' (ਅੰਗ - ੫੧੧)

ਅਸਚਰਜ ਗੱਲ ਇਹ ਹੈ ਕਿ ਵਿਹਾਜਣ ਯੋਗ ਵਸਤੂ ਗੁਰੂ ਮਹਾਰਾਜ ਬਾਰ-ਬਾਰ ਪੁਕਾਰ ਪੁਕਾਰ ਕੇ ਦਸਣ, ਪਰ ਅਸਾਂ ਸਿੱਖ ਸਦਾਵਣ-ਹਾਰਿਆਂ ਨੂੰ ਰੰਚਕ ਪਰਤੀਤ ਨਾ ਆਵੇ ਅਤੇ ਗੁਰੂ ਦੱਸੀ ਸੱਚੀ ਵਸਤੂ ਨਾ ਵਿਹਾਜੀਏ। ਗੁਰੂ ਜੀ ਦਾ ਸਾਰਾ ਜ਼ੋਰ ਅਸਾਡੇ ਪ੍ਰਤੀ ਇਹੋ ਹੋਵੇ ਕਿ ਨਾਮ ਦੀ ਖੇਪ ਲੱਦ ਕੇ ਸੱਚੇ ਵਾਪਾਰੀ ਬਣ ਕੇ ਲੋਕ ਪ੍ਰਲੋਕ ਸੰਵਾਰ ਲਵੋ : ਪਰ ਅਸੀਂ ਗੁਮੇਹ ਨਾ ਕਰੀਏ। ਕੀ ਇਸ ਸੂਰਤ ਵਿੱਚ ਅਸੀਂ ਗੁਰੂ ਜੀ ਦੇ ਸਚਿਆਰ ਸਿੱਖ ਸਦਵਾ ਸਕਦੇ ਹਾਂ? ਕਦਾਚਿਤ ਨਹੀਂ। ਗੁਰੂ ਉੱਤੇ ਅਸਾਡਾ ਭਰੋਸਾ ਹੀ ਕੱਖ ਨਹੀਂ। ਅਸੀਂ ਗੁਰੂ ਸਾਹਿਬ ਦਾ ਹੁਕਮ ਨਹੀਂ ਮੰਨਦੇ, ਕਿਉਂਕਿ ਹੁਕਮਨ ਸਿਰ ਸੱਚਾ ਹੁਕਮ -

*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥੫॥ ਅੰਗ - ੭੨*

ਨਾਮ ਦਾ ਵਾਪਾਰੀ ਬਣਨਾ ਹੈ। ਨਾਮ ਦੇ ਵਾਪਾਰੀ ਬਣ ਕੇ ਹੀ ਪ੍ਰਸਪਰ ਮਿਲਣਾ, ਨਾਮ ਦੇ ਵਾਪਾਰੀ ਹੋ ਕੇ ਹੀ ਸੰਸਾਰ ਵਿਖੇ ਵਿਚਰਨਾ, ਨਾਮ ਦੇ ਵਾਪਾਰੀ ਬਣ ਕੇ ਹੀ ਸਮਾਗਮਾਂ ਵਿੱਚ ਜੁੜਨਾ, ਗੁਰਸਿੱਖਾਂ ਦੇ ਜੀਵਨ ਦੇ ਸੱਚੇ ਸੁੱਚੇ ਲਾਹੇ ਹਨ। ਜੇ ਸੱਜਣ ਇਸ ਲਾਹੇ ਤੋਂ ਵਾਂਝੇ ਹਨ, ਉਹਨਾਂ ਦਾ ਸੰਸਾਰ ਵਿਖੇ ਆਉਣਾ ਹੀ ਬਿਰਥਾ ਹੈ। ਅਸਲ ਗੱਲ ਇਹ ਦਿਸਦੀ ਹੈ ਕਿ ਉਹਨਾਂ ਨੂੰ ਇਸ ਵਖਰ ਦੇ ਵਿਹਾਜਣ ਦੀ ਲੋੜ ਨਹੀਂ ਪਰਤੀਤ ਹੋਈ। ਉਨ੍ਹਾਂ ਨੂੰ ਨਾਮ ਦੇ ਸਰੂਪ ਦੀ ਲਖਤਾ ਹੀ ਨਹੀਂ। ਇਹ ਲੋਚਾ, ਪਿਆਸ ਅਤੇ ਲਖਤਾ ਹੋਵੇ ਭੀ ਕਿੰਕੂ? ਦ੍ਰਿਸ਼ਟਮਾਨ ਪਦਾਰਥ ਇਹ ਹੈ ਨਹੀਂ, ਜਿਸ ਨੂੰ ਦੇਖ ਕੇ ਲੁਭਾਇਮਾਨ ਹੋ ਜਾਈਏ। ਇਹ ਤਾਂ ਅਜਿਹੀ ਅਨੂਪ ਅਗੰਮ ਅਤੇ ਅਗੋਚਰ ਵਸਤੂ ਹੈ, ਜੋ ਕੇਵਲ ਗੁਰੂ ਦੇ ਲਖਾਏ ਹੀ ਲਖੀ ਜਾ ਸਕਦੀ ਹੈ। ਪਰ ਗੁਰੂ ਲਖਾਉਂਦਾ ਉਹਨਾਂ ਨੂੰ ਹੈ, ਜੋ ਗੁਰੂ ਕੇ ਹੋ ਕੇ ਰਹਿਣ ਅਤੇ ਗੁਰੂ ਦੇ ਪੂਰਨ ਭਾਣੇ ਅੰਦਰ ਆ ਜਾਣ।

# ਧੰਨੁ ਧੰਨੁ ਰਾਮਦਾਸ ਗੁਰ

*[ਪ੍ਰੋ. ਹਰਬੰਸ ਸਿੰਘ ਜੀ ]*

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ੨੫ ਅੱਸੂ ਸੰਮਤ ੧੫੯੧ ਬਿਕ੍ਰਮੀ (੨੪ ਸਤੰਬਰ, ੧੫੩੪ ਈਸਵੀ) ਨੂੰ ਲਾਹੌਰ (ਪਾਕਿਸਤਾਨ) ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਹਰਦਾਸ ਅਤੇ ਮਾਤਾ ਦਾ ਨਾਮ ਦਇਆ ਕੌਰ ਸੀ। ਆਪ ਆਪਣੇ ਮਾਪਿਆਂ ਦੇ ਘਰ ਪਹਿਲੇ ਪੁੱਤਰ ਸਨ। ਪਲੇਠੀ (ਪਹਿਲੇ) ਦੇ ਪੁੱਤਰ ਹੋਣ ਕਾਰਨ ਲੋਕੀ ਆਪ ਜੀ ਨੂੰ 'ਜੇਠਾ' ਕਰ ਕੇ ਬੁਲਾਉਣ ਲੱਗ ਪਏ ਜਿਸ ਕਰਕੇ ਆਪ ਜੀ ਦਾ ਨਾਮ 'ਜੇਠਾ' ਹੀ ਪੱਕ ਗਿਆ।

ਆਪ ਜੀ ਦੇ ਜਨਮ ਸਮੇਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ, ਤਿੰਨੇ ਹੀ ਪਹਿਲੇ ਗੁਰੂ ਸਾਹਿਬਾਨ ਪ੍ਰਗਟ ਰੂਪ ਵਿੱਚ ਪੰਜਾਬ ਦੀ ਧਰਤੀ ਤੇ ਮੌਜੂਦ ਸਨ। ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਦੇ ਜਨਮ ਤੋਂ ਪੰਜ ਸਾਲ ਬਾਅਦ ਜੋਤੀ ਜੋਤਿ ਸਮਾਏ।

ਬਹੁਤ ਛੋਟੀ ਉਮਰ ਵਿੱਚ ਹੀ ਆਪ ਜੀ ਦੀ ਮਾਤਾ ਚੜ੍ਹਾਈ ਕਰ ਗਈ। ਜਦੋਂ ਆਪ ਸੱਤ ਸਾਲ ਦੇ ਹੋਏ ਤਾਂ ਪਿਤਾ ਜੀ ਵੀ ਚਲਾਣਾ ਕਰ ਗਏ। ਪਿਤਾ ਜੀ ਦੇ ਚਲਾਣੇ ਤੋਂ ਬਾਅਦ ਆਪ ਜੀ ਦੀ ਨਾਨੀ ਆਪ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ ਜਿੱਥੇ ਆਪ ਜੀ ਦਾ ਮਿਲਾਪ ਬਾਬਾ ਅਮਰਦਾਸ ਜੀ (ਤੀਜੇ ਸਤਿਗੁਰੂ) ਨਾਲ ਹੋਇਆ।

ਨਾਨਕੇ ਪਿੰਡ ਆ ਕੇ ਆਪ ਘੁੰਗਣੀਆਂ (ਤਲੇ ਹੋਏ ਛੋਲੇ) ਵੇਚਣ ਦਾ ਕੰਮ ਕਰਨ ਲੱਗ ਪਏ। ਸੰਨ ੧੫੪੬ ਵਿਚ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਦੁਆਰਾ ਗੋਇੰਦਵਾਲ ਵਸਾਇਆ ਤਾਂ ਉਹ ਆਪਣੇ ਕਈ ਅੰਗਾਂ ਸਾਕਾਂ ਨੂੰ ਗੋਇੰਦਵਾਲ ਲੈ ਆਏ। ੧੨ ਸਾਲ ਦੀ ਉਮਰ ਵਿੱਚ ਭਾਈ ਜੇਠਾ ਜੀ ਵੀ ਆਪਣੀ ਨਾਨੀ ਨਾਲ ਗੋਇੰਦਵਾਲ ਆ ਵਸੇ। ਏਥੇ ਆ ਕੇ ਵੀ ਆਪ ਘੁੰਗਣੀਆਂ ਵੇਚਣ ਦਾ ਹੀ ਧੰਦਾ ਕਰਦੇ ਸਨ। ਆਪ ਜੀ ਬੜੇ ਪ੍ਰੇਮ ਨਾਲ ਹੋਕਾ ਦਿੰਦੇ ਮਸਾਲੇਦਾਰ ਘੁੰਗਣੀਆਂ, ਨਾਮ ਜਪਾਵਣ ਘੁੰਗਣੀਆਂ, ਭੁੱਖੇ ਬੰਦੇ ਆਪਣੀ ਭੁੱਖ ਮਿਟਾਉਣ ਲਈ, ਜੀਭ ਦੇ ਚਸਕਟੀਏ ਆਪਣੀ ਜੀਭ ਦਾ ਚਸਕਾ ਪੂਰਾ ਕਰਨ ਲਈ ਅਤੇ ਰਾਮ ਨਾਮ ਜਪਣ-ਵਾਲੇ 'ਰਾਮ ਜਪਾਵਣ ਘੁੰਗਣੀਆਂ' ਵਜੋਂ ਘੁੰਗਣੀਆਂ ਖਰੀਦਦੇ।

ਗੋਇੰਦਵਾਲ ਆ ਕੇ (ਗੁਰੂ) ਅਮਰਦਾਸ ਜੀ ਨਾਲ ਆਪ ਜੀ ਦੀ ਨੇੜਤਾ ਵਧਦੀ ਗਈ। ਸੰਨ ੧੫੫੨ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਗੁਰਿਆਈ ਸੌਂਪ ਦਿੱਤੀ। ਇਸ ਤੋਂ ਇੱਕ ਸਾਲ ਬਾਅਦ ਸੰਨ ੧੫੫੩ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਆਪ ਜੀ (ਜੇਠਾ ਜੀ) ਨਾਲ ਕਰ ਦਿੱਤਾ। ਉਸ ਵੇਲੇ ਆਪ ਜੀ ਦੀ ਉਮਰ ੧੯ ਸਾਲ ਦੀ ਸੀ।

ਸੰਨ ੧੫੫੭ ਈਸਵੀ ਵਿੱਚ ਬਾਦਸ਼ਾਹ ਅਕਬਰ ਲਾਹੌਰ ਆਇਆ ਤਾਂ ਕੁਝ ਜਾਤ-ਅਭਿਮਾਨੀਆਂ ਨੇ ਗੁਰੂ ਘਰ ਵਿਰੁਧ ਬਾਦਸ਼ਾਹ ਕੋਲ ਜਾ ਸ਼ਿਕਾਇਤਾਂ ਕੀਤੀਆਂ। ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੁਨੇਹਾ ਭੇਜਿਆ। ਇਸ ਕੰਮ ਲਈ ਭਾਈ ਜੇਠਾ ਜੀ ਨੂੰ ਲਾਹੌਰ ਭੇਜਿਆ ਗਿਆ। ਜੇਠਾ ਜੀ (ਗੁਰੂ ਰਾਮ ਦਾਸ ਜੀ) ਨੇ ਗੁਰੂ ਘਰ ਦਾ ਆਦਰਸ਼ ਐਸੇ ਪਿਆਰੇ ਤੇ ਸੋਹਣੇ ਢੰਗ ਨਾਲ ਬਿਆਨ ਕੀਤਾ ਕਿ ਸਭ ਦੀ ਤੱਸਲੀ ਹੋ ਗਈ ਅਤੇ ਸ਼ਿਕਾਇਤ ਕਰਨ ਵਾਲਿਆਂ ਨੂੰ ਠਿੱਠ ਹੋ ਕੇ ਮੁੜਨਾ ਪਿਆ।

ਸੰਨ ੧੫੫੯ ਈ. ਵਿੱਚ ਗੋਇੰਦਵਾਲ ਵਿਖੇ ਬਾਉਲੀ ਦੀ ਸੇਵਾ ਸ਼ੁਰੂ ਹੋਈ। ਆਪ ਜੀ (ਗੁਰੂ ਰਾਮਦਾਸ ਜੀ) ਨੇ ਬਾਕੀ ਸਿੱਖਾਂ ਵਾਂਗ ਟੋਕਰੀ ਢੋਣ, ਗਾਰੇ, ਮਿੱਟੀ ਤੇ ਚੂਨੇ ਆਦਿ ਦੀ ਸੇਵਾ ਤਨ ਮਨ ਲਾ ਕੇ ਕੀਤੀ। ਆਪ ਜੀ ਨੇ ਸ਼ਰੀਕਾਂ ਦੇ ਤਾਹਨੇ ਮੇਹਣਿਆਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ। ਆਪ ਜੀ ਨੇ ਦਿਲ ਜਾਨ ਨਾਲ ਸੇਵਾ ਕਰਕੇ ਗੁਰੂ

ਅਮਰਦਾਸ ਜੀ ਦਾ ਮਨ ਮੋਹ ਲਿਆ। ਜਦੋਂ ਗੁਰੂ ਅਮਰਦਾਸ ਜੀ ਨੇ ਆਪ ਜੀ ਅਤੇ ਆਪਣੇ ਦੂਜੇ ਜਵਾਈ ਰਾਮਾ ਜੀ ਦੀ ਥੜ੍ਹੇ ਬਨਾਉਣ ਦੀ ਪ੍ਰੀਖਿਆ ਲਈ ਤਾਂ ਆਪ ਜੀ ਪ੍ਰੀਖਿਆਂ ਵਿਚੋਂ ਪਹਿਲੇ ਨੰਬਰ ਤੇ ਆਏ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਦੀ ਪ੍ਰਫੁਲਤਾ ਲਈ ਮਾਝੇ ਦੇ ਇਲਾਕੇ ਵਿੱਚ ਨਵੀਂ ਥਾਂ (ਜਿਥੇ ਹੁਣ ਅੰਮ੍ਰਿਤਸਰ ਹੈ) ਦੀ ਚੋਣ ਕੀਤੀ ਅਤੇ (ਗੁਰੂ) ਰਾਮਦਾਸ ਜੀ ਨੂੰ ਨਵਾਂ ਨਗਰ ਗੁਰੂ ਕਾ ਚੱਕ (ਰਾਮਦਾਸ ਪੁਰ, ਵਸਾਉਣ ਦਾ ਕੰਮ ਸੌਂਪਿਆ, ਜਿਸ ਦੀ ਨੀਂਹ ਸੰਨ ੧੫੭੪ ਵਿੱਚ ਰਖੀ ਗਈ।

ਗੁਰੂ ਅਮਰਦਾਸ ਜੀ ਨੇ ਆਪ ਜੀ ਨੂੰ ਯੋਗ ਸਮਝ ਕੇ ੧ ਸਤੰਬਰ, ੧੫੭੪ ਈ: ਨੂੰ ਗੋਇੰਦਵਾਲ ਵਿਖੇ ਸਾਰੀ ਸੰਗਤ ਤੇ ਆਪਣੇ ਪ੍ਰੀਵਾਰ ਦੇ ਸਾਹਮਣੇ ਗੁਰ-ਗੱਦੀ ਸੌਂਪ ਦਿੱਤੀ।

ਗੁਰਿਆਈ ਮਿਲਣ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਮਾਝੇ ਦੇ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਤੇ ਜ਼ੋਰ ਦਿੱਤਾ। ਗੁਰੂ ਕੇ ਚੱਕ ਵਿਖੇ ਆਪ ਜੀ ਨੇ ਵੱਖ ਵੱਖ ਕੰਮਾਂ ਕਿੱਤਿਆਂ ਵਾਲੇ ਬੰਦੇ ਬੁਲਾ ਕੇ ਵਸਾਏ। ਸੰਨ ੧੫੭੭ ਈ: ਵਿੱਚ ਆਪ ਜੀ ਨੇ ਦੁਖ-ਭੰਜਨੀ ਬੇਰੀ ਦੇ ਕੋਲ ਇੱਕ ਤਲਾਅ ਪੁਟਵਾਇਆ ਜਿਹੜਾ 'ਅੰਮ੍ਰਿਤਸਰ' ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਇਸ ਸਰੋਵਰ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕਰਵਾਇਆ ਅਤੇ ਇਸ ਵਿੱਚ 'ਹਰਿ-ਮੰਦਰ' ਦੀ ਉਸਾਰੀ ਕਰਵਾਈ। ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ -

ਬਾਬਾ ਪ੍ਰਿਥੀ ਚੰਦ, ਸ੍ਰੀ ਮਹਾਂਦੇਵ ਜੀ ਅਤੇ (ਗੁਰੂ) ਅਰਜਨ ਦੇਵ ਜੀ। ਗੁਰੂ ਰਾਮ ਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਯੋਗ ਸਮਝ ਕੇ ਗੁਰਿਆਈ ਸੌਂਪ ਦਿੱਤੀ ਅਤੇ ਆਪ ੧ ਸਤੰਬਰ, ੧੫੮੧ ਈ: ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਰਾਮ ਦਾਸ ਜੀ ਨੇ ੩੦ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਇਸ ਤੋਂ ਗੁਰੂ ਰਾਮਦਾਸ ਜੀ ਦੀ ਕੀਰਤਨ ਵਿੱਚ ਅਗਾਧ ਰੁਚੀ ਦਾ ਪਤਾ ਲੱਗਦਾ ਹੈ। ਗਉੜੀ ਰਾਗ ਵਿੱਚ ਉਹ ਆਪਣੀ ਬਿਰਥਾ ਇਉਂ ਪ੍ਰਗਟ ਕਰਦੇ ਹਨ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥੪॥੫॥*
*੧੧॥੪੯॥* *ਅੰਗ - ੧੬੭*

ਇਸ ਤੋਂ ਗੁਰੂ ਪ੍ਰੇਮ ਦਾ ਵੀ ਪਤਾ ਲਗਦਾ ਹੈ ਜਦੋਂ ਆਖਰੀ ਪੰਗਤੀ ਵਿੱਚ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਦਾਸ ਨਾਨਕ ਦਾ ਗੁਰੂ ਧੰਨ ਹੈ, ਧੰਨ ਹੈ ਜਿਸ ਗੁਰੂ ਨੂੰ ਮਿਲ ਕੇ ਮੇਰੇ ਸਾਰੇ ਸੋਗ ਖਤਮ ਹੋ ਗਏ, ਮੇਰੇ ਸਾਰੇ ਕਲੇਸ਼ ਦੂਰ ਹੋ ਗਏ।

ਘੁੰਗਣੀਆਂ ਵੇਚਣ ਵਾਲਾ ਬਾਲਕ ਜੇਠਾ, ਅਲਪੱਗ ਜੇਹੀ ਜੀਵਨੀ ਵਾਲਾ ਸਾਧਾਰਨ ਮੱਨੁਖ, ਪੂਰਨ ਪੁਰਖ ਦੇ ਲੜ ਲੱਗ ਕੇ ਸਰਬੱਗ ਹਸਤੀ ਵਾਲਾ ਧੰਨ ਗੁਰੂ ਰਾਮਦਾਸ ਬਣ ਗਿਆ। ਬਲਵੰਡ ਜੀ ਆਪ ਬਾਰੇ ਇਉਂ ਬਿਆਨ ਕਰਦੇ ਹਨ -

*ਧੰਨੁ ਧੰਨੁ ਰਾਮਦਾਸ ਗੁਰੂ*
*ਜਿਨਿ ਸਿਰਿਆ ਤਿਨੈ ਸਵਾਰਿਆ*
*ਪੂਰੀ ਹੋਈ ਕਰਾਮਾਤਿ,*
*ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅੰਗ - ੯੬੮*

ਗੁਰੂ ਰਾਮਦਾਸ ਧੰਨ ਹੈ, ਧੰਨ ਹੈ। ਜਿਸ ਅਕਾਲ ਪੁਰਖ ਨੇ ਉਨ੍ਹਾਂ ਨੂੰ ਪੈਦਾ ਕੀਤਾ ਉਸੇ ਨੇ ਉਨ੍ਹਾਂ ਨੂੰ ਸੋਹਣਾ ਭੀ ਬਣਾਇਆ। ਇਹ ਇੱਕ ਪੂਰਨ ਕਰਾਮਾਤ ਹੋਈ ਹੈ ਕਿ ਸਿਰਜਣਹਾਰ ਨੇ ਖੁਦ ਆਪਣੇ ਆਪ ਨੂੰ ਉਨ੍ਹਾਂ ਵਿੱਚ ਟਿਕਾਇਆ ਹੈ। ਸਭ ਸਿੱਖਾਂ ਨੇ ਅਤੇ ਸੰਗਤਾਂ ਨੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਰੂਪ ਜਾਣ ਕੇ ਨਮਸਕਾਰ ਕੀਤੀ ਹੈ।

# ਅਕਤੂਬਰ ਮਹੀਨੇ ਦੇ ਇਤਿਹਾਸਕ ਦਿਨ

- 6 ਅਕਤੂਬਰ 1616 ਈਸਵੀ ਨੂੰ ਸਤਵੀਂ ਪਾਤਿਸ਼ਾਹੀ ਗੁਰੂ ਹਰਿਰਾਏ ਸਾਹਿਬ ਜੀ ਜੋਤੀ ਜੋਤਿ ਸਮਾਏ।
- 6 ਅਕਤੂਬਰ 1661 ਈਸਵੀ ਨੂੰ ਅਠਵੀਂ ਪਾਤਿਸ਼ਾਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਮਿਲੀ।
- 6 ਅਕਤੂਬਰ 1594 ਈਸਵੀ ਨੂੰ ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਪਾਸ ਪੁੱਤਰ ਦੀ ਦਾਤ ਵਾਸਤੇ ਗਏ।
- 6 ਅਕਤੂਬਰ 1708 ਈਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂਤਾ ਮਿਲੀ।
- 7 ਅਕਤੂਬਰ 1708 ਈਸਵੀ ਨੂੰ ਦਸ਼ਵੇਂ ਪਾਤਿਸ਼ਾਹੀ

*(ਬਾਕੀ ਪੰਨਾ 37 ਤੇ)*

# ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ

*(ਪ੍ਰਿੰ. ਸੱਜਣ ਸਿੰਘ ਜੀ )*

ਮੈਂ ਬਲਿ ਬਲਿ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ ਐਸੇ ਸਤਿਗੁਰ ਤੋਂ ਜਿਨ੍ਹਾਂ ਦੀ ਸਿਰਜਨਾ ਤੇ ਸੰਭਾਲ ਸਿਰਜਨਹਾਰ ਨਿਰੰਕਾਰ ਨੇ ਆਪ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਿਮਾ ਕੀਤਾ ਤੇ ਅਥਾਹ ਬਖਸ਼ਸ਼ ਕੀਤੀ, ਜਿਸ ਦੇ ਸਦਕੇ ਸਤਾ ਬਲਵੰਡ ਦਾ ਹਿਰਦਾ ਗਿਆਨ ਦੀਆਂ ਰਿਸ਼ਮਾਂ ਨਾਲ ਰੁਸ਼ਨਾਇਆ ਗਿਆ ਤੇ ਉਨ੍ਹਾਂ ਦੀ ਦ੍ਰਿਸ਼ਟੀ ਨੇ ਤੱਕਿਆ ਕਿ ਅਕਾਲ ਪੁਰਖ ਨੇ ਮਾਂ ਬਾਪ ਦੇ ਪਿਆਰ ਤੋਂ ਮਹਿਰੂਮ ਪਰ ਹੋਣਹਾਰ ਬਾਲਕ (ਗੁਰੂ) ਰਾਮਦਾਸ ਨੂੰ ਨਾ ਕੇਵਲ ਸਰੀਰਕ ਤੌਰ ਤੇ ਸੁੰਦਰ, ਸੁਡੌਲ ਤੇ ਨਿਸ਼ਕਾਮ ਸੇਵਕ ਬਣਾਇਆ ਬਲਕਿ ਸ੍ਰੇਸ਼ਟ ਆਤਮਕ ਗੁਣਾਂ ਨਾਲ ਭੀ ਏਨਾ ਸੁਆਰਿਆ ਤੇ ਸ਼ੰਗਾਰਿਆ ਕਿ ਉਹ ਨਾਨਕ ਦੀ ਅਬਿਚਲੀ ਜੋਤਿ ਨਾਲ ਅਭੇਦ ਹੋ ਗਏ। ਅਕਾਲ ਪੁਰਖ ਦੀ ਕਰਾਮਾਤਿ ਦੀ ਛੂਹ ਪੂਰਨਤਾ ਤਕ ਪਹੁੰਚ ਗਈ ਤੇ ਸਿਰਜਨਹਾਰ ਨੇ ਆਪਣੀ ਅਕਾਲੀ ਜੋਤਿ ਸ੍ਰੀ ਗੁਰ ਰਾਮਦਾਸ ਜੀ ਦੇ ਨਿਰਮਲ ਹਿਰਦੇ ਵਿੱਚ ਟਿਕਾ ਦਿੱਤੀ।

ਇਸ ਤੱਥ ਦੀ ਪੁਸ਼ਟੀ ਸਿਦਕ ਵਿੱਚ ਭਿੱਜੇ ਭੱਟਾਂ ਨੇ ਵੀ ਕੀਤੀ ਹੈ। 'ਜਿਸ ਸਤਿਗੁਰ ਦੇ ਸਿਮਰਿਆਂ ਆਤਮਕ ਨੇਤਰਾਂ ਦੀ ਅਗਿਆਨਤਾ ਦੂਰ ਹੁੰਦੀ ਹੈ, ਹਿਰਦੇ ਵਿੱਚ ਨਾਮ ਦਾ ਉਤਸ਼ਾਹ ਨਾਠਾਂ ਮਾਰਦਾ ਹੈ, ਮਾਇਆ ਤੇ ਵਾਸ਼ਨਾਵਾਂ ਦੀ ਤਪਸ਼ ਕਾਫੂਰ ਹੁੰਦੀ ਹੈ, ਰਿੱਧੀਆਂ ਸਿੱਧੀਆਂ ਦੇ ਖਜ਼ਾਨੇ ਪ੍ਰਾਪਤ ਹੁੰਦੇ ਹਨ ਅਤੇ ਜਿਸ ਦੀ ਪਾਵਨ ਛੂਹ ਦੇ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਸਦਾ ਹਿਰਦੇ ਵਿਚ ਵਸਾਓ ਤੇ ਸੰਗਤ ਵਿਚ ਸ਼ਾਮਲ ਹੋ ਕੇ ਗੁਣ ਗਾਵਹੁ ਤੇ ਧੰਨ ਧੰਨ ਕਰਹੁ।

***ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥***
***ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥ ਅੰਗ - ੧੪੦੫***

ਗੁਰਦੇਵ ਜੀ ਨੇ ਰਾਮਦਾਸਪੁਰ (ਅੰਮ੍ਰਿਤਸਰ) ਵਸਾਇਆ, ਸ਼ਹਿਰ ਵਿੱਚ ਚਹਿਲ ਪਹਿਲ ਹੋ ਗਈ। ਅਠਸਠਿ ਤੀਰਥਾਂ ਦਾ ਸਾਰ, ਦੁਰਮਤਿ ਮੈਲ ਉਤਾਰਨਹਾਰ, ਰਾਮਦਾਸ ਸਰੋਵਰ ਦੀ ਉਸਾਰੀ ਕੀਤੀ ਤੇ ਇਹ ਨਿਰਮਲ ਜਲ ਦਾ ਅੰਮ੍ਰਿਤ ਸਰੋਵਰ ਸਮੁੱਚੇ ਜਗਤ ਲਈ ਮਹਾਨ ਤੀਰਥ ਸਥਾਨ ਬਣ ਗਿਆ। ਨਾਮ ਬਾਣੀ ਦੀ ਬਰਖਾ ਨੇ ਸੁੱਕੇ, ਮਲੀਨ, ਤਪਦੇ, ਭੁਜਦੇ ਕਲਪਦੇ ਮਨ, ਹਰੇ-ਭਰੇ, ਪਵਿੱਤਰ ਹਿਰਦਿਆਂ ਵਿੱਚ ਬਦਲ ਦਿੱਤੇ। ਹਜ਼ੂਰ ਦੀ ਉਸਤਤਿ ਨੇ, ਮਹਿਮਾਂ ਨੇ ਸੰਸਾਰ ਨੂੰ ਆਪਣੇ ਵਿਸ਼ਾਲ ਘੇਰੇ ਵਿੱਚ ਲੈ ਲਿਆ। ਗੁਰਪਦਵੀ ਦੀ ਜਿਮੇਵਾਰੀ ਤੇ ਅੰਮ੍ਰਿਤ ਦੀ ਵਰਖਾ ਦੀ ਦਾਤ ਤਾਂ ਪੁਰਖ ਵਿਧਾਤਾ ਨੇ ਪਹਿਲਾਂ ਹੀ ਪਰਦਾਨ ਕੀਤੀ ਹੋਈ ਸੀ। ਸੰਜੋਗ, ਮਿਲਾਪ, ਸੇਵਾ, ਪ੍ਰੀਖਿਆ, ਪ੍ਰਸੰਨਤਾ ਤੇ ਬਖਸ਼ਸ਼ ਦੀਆਂ ਘਟਨਾਵਾਂ ਸਹਿਜ ਸੁਭਾਉ ਹੀ ਵਾਪਰੀਆਂ ਸਨ। ਕਲ੍ਯ ਭੱਟ ਦੇ ਅਮੋਲਕ ਬਚਨ ਹਨ -

***ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰ ਬਜਾਇਅਉ॥***
***ਗੁਰ ਰਾਮਦਾਸ ਕਲ੍ਯੁਚਰੈ ਤੈ ਅਭੈ ਅਮਰਪਦੁ ਪਾਇਅਉ॥ ਅੰਗ - ੧੩੯੭***

ਗੁਰਦੇਵ ਦੇ ਬਚਨਾਂ ਵਿੱਚ ਕਮਾਲ ਦੀ ਨਿਮਰਤਾ ਹੈ ਪਰ ਹਕੀਕਤ ਭਰੀ, ਭਾਣੇ ਅਨੁਸਾਰ ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ, ਤੇ ਦਰਗਾਹ ਵਿੱਚ ਮੁੱਖ ਉੱਜਲਾ ਕਰਨ ਲਈ ਸਤਿਗੁਰੂ ਨੂੰ ਵਕੀਲ ਬਣਾਇਆ, ਵਿਚੋਲਾ ਜਾਣਿਆ। ਬਾਕੀ ਕਰਮ, ਧਰਮ, ਮਨ, ਬਚਨ ਤੇ ਹਿਰਦੇ ਵਿਚ ਜੋ ਤਬਦੀਲੀ ਹੋਈ, ਸੁਧਾਰ ਹੋਇਆ ਹੈ, ਸ਼ੁੱਧਤਾ ਹੋਈ ਹੈ, ਨਾਮ ਦਾ ਪ੍ਰਕਾਸ਼ ਹੋਇਆ ਹੈ, ਉਹ ਅਕਾਲ ਪੁਰਖ ਦੀ ਆਪਣੀ ਕ੍ਰਿਪਾ ਦਾ ਸਿੱਟਾ ਹੈ ਨਾ ਕਿ ਆਪਣੀ ਸੇਵਾ ਤੇ ਕਮਾਈ ਦਾ ਫਲ। ਗੁਰ ਫੁਰਮਾਨ ਹੈ -

***ਨਟ ਨਾਰਾਇਨ ਮਹਲਾ ੪ ਪੜਤਾਲ॥***
***ਹਰਿ ਕਾ ਗ੍ਰਿਹਿ ਹਰਿ ਆਪਿ ਸਵਾਰਿਓ***

*ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ॥*
*ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ ਹਮ*
*ਹਰਿ ਕੀ ਗੁਰ ਕੀਈ ਹੈ ਬਸੀਠੀ ਹਮ ਹਰਿ ਦੇਖੇ ਭਈ*
*ਨਿਹਾਲ ਨਿਹਾਲ ਨਿਹਾਲ ਨਿਹਾਲ॥ ਅੰਗ - ੯੭੭*

ਗੁਰਦੇਵ ਜੀ ਦੇ ਜੀਵਨ ਵਿੱਚ ਵਿਲੱਖਣ ਪਰੀਵਰਤਨ ਹੋਇਆ। ਇਕ ਸਾਧਾਰਨ ਜੀਵ ਤੋਂ ਸੁਲਤਾਨ ਬਣ ਗਏ ਤੇ ਸੋਢੀ ਸੁਲਤਾਨ ਦੇ ਨਾਮ ਨਾਲ ਸੁਸ਼ੋਭਤ ਹੋਏ। ਕਿਸ ਸਥਿਤੀ ਤੋਂ ਆਪ ਜੀ ਊਣੇ ਸੀ? ਇਸ ਬਾਰੇ ਅਸੀਂ ਏਨਾ ਹੀ ਕਹਿ ਸਕਦੇ ਹਾਂ ਕਿ ਉਨ੍ਹਾਂ ਨੂੰ ਮਾਪਿਆਂ ਦਾ ਪਿਆਰ ਨਹੀਂ ਮਿਲਿਆ ਤੇ ਛੋਟੀ ਉਮਰ ਵਿੱਚ ਹੀ ਛੋਟੇ ਭੈਣ, ਭਰਾ ਦੀ ਪਾਲਣਾ ਦਾ ਭਾਰ ਉਨ੍ਹਾਂ ਦੇ ਸਿਰ ਤੇ ਪੈ ਗਿਆ, ਇਸ ਤੋਂ ਵੱਧ ਨਹੀਂ। ਯਤੀਮ ਕਹਿਣਾ, ਗੁਸਤਾਖੀ ਤੇ ਸਤਿਕਾਰ-ਹੀਨਤਾ ਹੈ ਕਿਉਂਕਿ ਵਿਧਾਤਾ ਨੇ ਪਹਿਲਾਂ ਹੀ, ਉਨ੍ਹਾਂ ਦੇ ਸਿਰ ਤੇ ਪਾਤਸ਼ਾਹੀ ਛੱਤਰ ਝੁਲਾਉਣ ਦਾ ਫੁਰਮਾਨ ਲਿਖਿਆ ਹੋਇਆ ਸੀ। ਉਨ੍ਹਾਂ ਦੇ ਆਪਣੇ ਬਚਨ ਹਨ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥*
*ਅੰਗ - ੧੬੭*

ਗੁਰ ਸਤਿਗੁਰ ਦੀ ਕ੍ਰਿਪਾ ਕਟਾਖਸ਼ ਦਾ ਮੁਲਾਂਕਣ ਕਰਨ ਲਈ ਅਪਾਰ, ਅਸੀਮ, ਅਤੁੱਲ, ਅਮੁੱਲ ਜੈਸੇ ਸ਼ਬਦ ਵੀ ਇਨਸਾਫ਼ ਨਹੀਂ ਕਰਦੇ। ਇਕ ਕੀਟ ਨੂੰ ਪਾਤਸ਼ਾਹੀ ਬਖਸ਼ਣ ਦੀ ਸਮਰਥਾ ਕੇਵਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ਼ੋਭਦੀ ਹੈ। ਇਸ ਦਾਤ ਦੀ ਪ੍ਰਾਪਤੀ ਤੇ ਅਭੇਦਤਾ ਦੇ ਪਿਛੋਕੜ ਬਾਰੇ ਗੁਰਦੇਵ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨੇ ਸਾਡੀ ਜੋਦੜੀ ਕਬੂਲ ਕੀਤੀ, ਸੱਚੇ ਗੁਰੂ ਨਾਲ ਮੇਲ ਕਰਾਇਆ, ਅਸੀਂ ਤਾਂ ਥੋੜ੍ਹੀ ਮਤਿ ਵਾਲੇ, ਇਆਣੇ ਤੇ ਬੇਸਮਝ ਸਾਂ ਪਰ ਪ੍ਰਭੂ ਨੇ ਏਨਾ ਸਿਦਕ, ਭਰੋਸਾ ਦਿੱਤਾ ਕਿ ਅਸੀਂ ਸਤਿਗੁਰੂ ਦੀ ਸੇਵਾ ਪਾਰਬ੍ਰਹਮ ਦਾ ਰੂਪ ਜਾਣ ਕੇ ਕੀਤੀ ਜਿਸ ਦੇ ਫਲ ਸਰੂਪ ਪ੍ਰਭੂ ਪ੍ਰਾਪਤੀ ਤੇ ਇਕਮਿਕਤਾ ਮਿਲੀ।

*ਗਉੜੀ ਪੂਰਬੀ ਮ. ੪॥*
*ਤੁਮ ਦਇਆਲ ਸਰਬ ਦੁਖ ਭੰਜਨ*
*ਇਕ ਬਿਨਉ ਸੁਨਹੁ ਦੇ ਕਾਨੇ॥*
*ਜਿਸ ਤੇ ਤੁਮ ਹਰਿ ਜਾਨੇ ਸੁਆਮੀ*
*ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ॥*
*ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥*
*ਹਮ ਮੂੜ ਮੁਗਧ ਅਸੁਧ ਮਤਿ ਹੋਤੇ*
*ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ॥*
*ਅੰਗ - ੧੬੯*

ਸ੍ਰੀ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਰੱਬੀ ਗੁਣਾਂ ਦਾ ਬਹੁਤ ਬਾਰ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਅਪਣਾਉਣ ਨਾਲ, ਧਾਰਨ ਕਰਨ ਤੇ ਕਮਾਉਣ ਨਾਲ, ਸਤਿਗੁਰੂ ਤਰੁੱਠਦਾ ਹੈ, ਮਿਹਰ ਦੇ ਘਰ ਆਉਂਦਾ ਹੈ। ਆਤਮ-ਸਮਰਪਨ, ਨਿਮਰਤਾ, ਸਿਦਕ, ਭਰੋਸਾ, ਪਿਆਰ, ਸਤਿਕਾਰ ਤੇ ਕਾਮਨਾ-ਰਹਿਤ ਸੇਵਾ ਦੇ ਉਪਦੇਸ਼ ਦੀ ਝਲਕ ਹਜ਼ੂਰ ਦੀ ਬਾਣੀ ਵਿਚ ਪ੍ਰਤੱਖ ਦਿਖਾਈ ਦਿੰਦੀ ਹੈ। ਆਪ ਜੀ ਦੀ ਨਿਸ਼ਕਾਮ ਸੇਵਾ ਲੋਕਾਚਾਰੀ, ਰਿਸਤੇਦਾਰੀ, ਸੰਸਾਰਕ ਮੰਗਾ ਤੇ ਆਸਾ ਮਨਸਾ ਦੀ ਰੁਕਾਵਟ ਤੋਂ ਨਿਰਲੇਪ ਰਹੀ। ਵਾਸਤਵ ਵਿੱਚ ਆਪ ਸੇਵਾ ਵਿਚ ਅਜਿਹੇ ਲੀਨ ਹੋਏ ਕਿ ਅਕਾਵਟ, ਥਕਾਵਟ, ਭਟਕਣ, ਆਲਸ ਤੇ ਸ਼ਿਕਵੇ, ਸਭ ਗਾਇਬ ਹੋ ਗਏ। ਆਪਾ ਪਰ ਕਾ ਮਿਟ ਗਿਆ, ਮੇਰ ਤੇਰ ਦੀ ਭਾਵਨਾ ਉੱਡ ਗਈ। ਆਪਣਾ ਸਰੀਰ ਬੇਚ ਦਿੱਤਾ, ਉਹ ਵੀ ਸ਼ੇਅ ਕਰਕੇ, ਕਿ ਦੁਬਾਰਾ ਵਾਪਸ ਲੈਣ ਦੀ ਚਾਹ ਹੀ ਉਤਪੰਨ ਨਾ ਹੋਵੇ। ਗੁਰਦੇਵ ਫਰਮਾਉਂਦੇ ਹਨ -

*ਗਉੜੀ ਪੂਰਬੀ ਮਹਲਾ ੪॥*
*ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ*
*ਪੂਰੇ ਗੁਰ ਕੈ ਆਗੇ॥*
*ਸਤਿਗੁਰ ਦਾਤੈ ਨਾਮੁ ਦਿੜਾਇਆ*
*ਮੁਖਿ ਮਸਤਕਿ ਭਾਗ ਸਭਾਗੇ॥ ਅੰਗ - ੧੭੧*

ਸਿਦਕੀ ਸੇਵਕ ਦੀ ਸੇਵਾ ਸਫ਼ਲ ਹੋ ਗਈ। ਸਤਿਗੁਰੁ ਨੇ ਨਾਮ ਦ੍ਰਿੜਾਇਆ ਤੇ ਕਾਇਆ ਕੰਚਨ ਸੁਵੰਨੀ ਕਰ ਦਿੱਤੀ। ਵੱਡੇ ਦੀ ਦਾਤ ਵੱਡੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦਾਤਿ ਅਟੱਲ, ਅਮਰ ਗੁਰ ਪਦਵੀ ਸੀ, ਜਿਹੜੀ ਦੂਸਰੇ ਤੇ ਤੀਸਰੇ ਨਾਨਕ ਤੋਂ ਹੁੰਦੀ ਹੋਈ ਚੌਥੇ ਸਤਿਗੁਰ ਧੰਨ ਧੰਨ ਸਤਿਗੁਰ ਰਾਮਦਾਸ ਜੀ ਨੂੰ ਪ੍ਰਾਪਤ ਹੋ ਗਈ।

*ਨਾਨਕ ਪ੍ਰਸਾਦਿ ਅੰਗਦ ਸੁਮਤਿ*
*ਗੁਰਿ ਅਮਰਿ ਅਮਰੁ ਵਰਤਾਇਓ॥*
*ਗੁਰ ਰਾਮਦਾਸ ਕਲੵਚਰੈ ਤੈ*
*ਅਟਲ ਅਮਰ ਪਦੁ ਪਾਇਓ॥ ਅੰਗ - ੧੩੯੭*

ਇਸ ਦਾਤ ਪ੍ਰਾਪਤੀ ਤੋਂ ਪਹਿਲਾਂ ਬੇਅੰਤ, ਅਥਾਹ ਘਾਲਣਾ ਕੀਤੀ। ਸੇਵਾ ਹੀ ਰਹਿ ਗਈ, ਆਪਣੀ ਹੋਂਦ ਮੁੱਕ ਗਈ। ਮਾਇਆ ਤੇ ਮਾਇਆ ਦੀ ਪਕੜ ਤੋਂ ਸੁਤੰਤਰ ਰਹੇ। ਸੁਰਤਿ ਮਤਿ, ਚਤਰਾਈ, ਬੁਧੀ ਤੇ ਸਿਆਣਪ ਹੁੰਦਿਆਂ ਵੀ

ਦਿਖਾਵਾ ਨਹੀਂ ਕੀਤਾ, ਅੰਦਰਹੁ ਸਿਆਣਾ ਤੇ ਬਾਹਰਹੁ ਭੋਲਾ ਬਣ ਕੇ ਗੁਰਸਿੱਖੀ ਨਿਭਾਈ। ਸਮਰਥਾ ਹੁੰਦਿਆਂ ਵੀ ਨਿਤਾਣੇ ਰਹੇ, ਤੇ ਸਭ ਕਿਛੁ ਵੰਡ ਦਿੱਤਾ। ਬਾਬਾ ਫਰੀਦ ਜੀ ਦੇ ਅਮੋਲਕ ਬਚਨ ਸੱਚੇ ਭਗਤ ਦੇ ਗੁਣਾਂ ਨੂੰ ਪ੍ਰਗਟਾਉਂਦੇ ਹਨ।

*ਮਤਿ ਹੋਦੀ ਹੋਇ ਇਆਣਾ॥*
*ਤਾਣ ਹੋਦੇ ਹੋਇ ਨਿਤਾਣਾ॥*
*ਅਣਹੋਦੇ ਆਪੁ ਵੰਡਾਏ॥*
*ਕੋ ਐਸਾ ਭਗਤੁ ਸਦਾਏ॥* *ਅੰਗ - ੧੩੮੪*

ਹੁਣ ਆਪ ਜੀ ਪਾਸ ਕੁਝ ਵੀ ਨਹੀਂ ਰਹਿਆ। ਰਿਆ, ਕੋਲਾ ਚਿੱਟਾ ਤੇ ਨਿਰਮਲ ਹੋ ਗਿਆ। ਐਸੀ ਬਿਵਸਥਾ ਹੋ ਗਈ ਜਿਵੇਂ ਖੇੜਾ ਹੋਇਆ ਖਾਲੀ ਸਾਂਝਾ ਨਿਰੰਕਾਰੀ ਜੋਤ ਨੂੰ ਸਮਾਉਣ ਦੇ ਯੋਗ ਹੋ ਗਿਆ ਹੋਵੇ। ਇਸ ਦੇ ਇਲਾਵਾ ਬੀਬੀ ਭਾਨੀ ਦੀ ਨਿਸ਼ਕਾਮ ਸੇਵਾ ਤੇ ਅਥਾਹ ਪਿਆਰ ਤੋਂ ਪਿਤਾ ਜੀ ਪਹਿਲਾਂ ਹੀ ਬਹੁਤ ਪ੍ਰਸੰਨ ਸਨ। ਏਨਾ ਕੁਝ ਹੁੰਦਿਆਂ ਵੀ ਇੱਕ ਭੇਦ ਭਰੀ ਗੱਲ ਸੀ ਜਿਸ ਦਾ ਗਿਆਨ ਕਰਤੇ ਨੂੰ ਜਾਂ ਗੁਰ ਸੂਰੇ ਨੂੰ ਸੀ। ਜੇ ਕਿਸੇ ਬੰਦੇ ਨੂੰ ਪਤਾ ਚਲ ਜਾਂਦਾ ਤਾਂ ਉਸ ਨੇ ਅਵੱਸ਼ ਕਹਿਣਾ ਸੀ ਕਿ ਇਸ ਹਾਲਤ ਵਿੱਚ ਗੁਰ ਚੇਲੇ ਦੀ ਇਕਮਿਕਤਾ ਹੋਣੀ ਕਠਨ ਹੈ।

ਪੂਰੇ ਸਤਿਗੁਰੂ ਜਾਣਦੇ ਸਨ ਕਿ (ਗੁਰੂ) ਰਾਮਦਾਸ ਦੇ ਸਰੀਰ-ਰੂਪ ਭਾਂਡੇ ਵਿੱਚ ਸੁਆਸਾਂ ਦੀ ਪੂੰਜੀ ਮੁੱਕਣ ਵਾਲੀ ਹੈ ਤੇ ਹੁਣ ਗਿਣਤੀ ਦੇ ਤਿਲ ਰਹਿ ਗਏ ਹਨ। ਪਰ ਆਪ ਜੀ ਨੇ ਸੋਢੀਆਂ ਨੂੰ ਗੱਦੀ ਦੇਣੀ ਸੀ ਤੇ ਅਜਰ ਵਸਤੂ ਜਰਾਉਣੀ ਸੀ, ਸੋ ਹਜ਼ੂਰ ਨੇ ਵਿਧਾਤੇ ਦਾ ਕਾਰਜ ਆਪ ਨਿਭਾਇਆ ਤੇ ਆਪਣੀ ਆਯੂ ਦੇ ਲੱਗ ਭੱਗ ਸੱਤ ਸਾਲ ਗੁਰੂ) ਰਾਮਦਾਸ ਜੀ ਨੂੰ ਦਿੱਤੇ ਤੇ ਗੁਰਗੱਦੀ ਬਖਸ਼ਸ਼ ਕੀਤੀ। ਇਉਂ ਗੁਰੂ ਨਾਨਕ ਦੀ ਨੂਰਾਨੀ ਜੋਤਿ ਆਪਣੇ ਪਿਆਰੇ ਦੇ ਹਿਰਦੇ ਵਿਚ ਟਿਕਾ ਕੇ ਇਕ ਰੂਪ ਹੋ ਗਏ। ਇਹ ਸੀ ਪਰਤੱਖ ਰੂਪ-ਅਕਾਲ ਪੁਰਖ ਦੀ ਪੂਰਨ ਕਰਾਮਾਤ ਦਾ।

ਇਕ ਸਮਾਂ ਸੀ ਕਿ ਸ਼ਰੀਕਾ ਮਿਹਣੇ ਮਾਰਦਾ ਸੀ, ਉੱਚੀ ਸ੍ਰੇਸ਼ਟ ਸੋਢੀ ਕੁਲ ਦਾ ਸੀ ਨਾ। ਉਨਾਂ ਦੀ ਸੋਚਣੀ ਅਨੁਸਾਰ (ਗੁਰੂ) ਰਾਮਦਾਸ ਜੀ ਦੇ ਆਪਣੇ ਸਹੁਰਿਆਂ ਘਰ ਰਹਿਣ ਤੇ ਸਰੀਰਕ ਸੇਵਾ ਕਰਨ ਨਾਲ ਸਾਡੀ ਕੁਲ ਨੂੰ ਲਾਜ ਲੱਗਦੀ ਹੈ। ਪਰ ਭੋਲੇ ਭਾਲੇ ਅਗਿਆਨੀਆਂ ਨੂੰ ਕੀ ਪਤਾ ਸੀ ਕਿ ਇਸੇ ਹੀ ਕੁਲ ਦੀ ਰੌਸ਼ਨੀ ਨੇ ਸਾਰੇ ਸੰਸਾਰ ਨੂੰ ਸੱਚ ਦਾ ਮਾਰਗ ਦਰਸਾ ਕੇ ਭਵਸਾਗਰ ਤੋਂ ਪਾਰ ਕਰਨਾ ਹੈ। ਉਨ੍ਹਾਂ ਤੋਂ ਸਤਿਗੁਰੂ ਦੀ ਪੰਚ ਵਡਿਆਈ ਤੇ ਸੇਵਕ ਦੀ ਅਣਥੱਕ ਸੇਵ ਕਮਾਈ ਦੀ ਗੁਹਜ ਕਲਾ ਸਮਝੀ ਨ ਗਈ। ਇਸ ਪ੍ਰਤੀ ਭੱਟਾਂ ਦੇ ਬਚਨ ਹਨ -

*ਗੁਰ ਅਮਰਦਾਸ ਕੀ ਅਕਥ ਕਥਾ ਹੈ*
*ਇਕ ਜੀਹ ਕਛੁ ਕਹੀ ਨ ਜਾਈ॥*
*ਸੋਢੀ ਸ੍ਰਿਸਟਿ ਸਕਲ ਤਾਰਣ ਕਉ*
*ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥*
*ਅੰਗ - ੧੪੦੬*

ਪਿਤਾ ਗੁਰਦੇਵ ਜੀ ਨੇ ਐਸੀ ਮਿਹਰਾਮਤਿ ਕੀਤੀ ਕਿ ਏਕ ਜੋਤਿ ਦੁਇ ਮੂਰਤੀ ਦੀ ਕਲਾ ਵਰਤ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਜੋਤਿ ਦੀ ਚਮਕ ਦਮਕ ਫੈਲ ਗਈ। ਪਾਵਨ ਮੁਖਾਰਬਿੰਦ ਰਾਹੀਂ ਗੁਰਬਾਣੀ ਦੀ ਅੰਮ੍ਰਿਤ ਧਾਰਾ ਨੇ ਚਸ਼ਮੇ ਵਾਂਗਰ ਵਹਿਣਾ ਸ਼ੁਰੂ ਕੀਤਾ। ਇਉਂ ਗੁਰਸਿਖੀ ਦੀ ਪਨੀਰੀ ਪ੍ਰਫੁੱਲਤ ਹੋ ਕੇ ਗੁਣਾਂ ਤੇ ਆਕਾਰ ਵਿੱਚ ਫੈਲਣ ਲੱਗੀ। ਆਪ ਜੀ ਦਾ ਰਚਿਆ ਰਾਮਦਾਸ ਸਰੋਵਰ, ਕਿਲਬਿਖ ਪਾਪਾਂ ਨੂੰ ਖੰਡਣ, ਕਸ਼ਟ-ਕਲੇਸ਼ ਨਿਵਾਰਨ, ਸਰੀਰਕ ਤੇ ਮਾਨਸਕ ਰੋਗਾਂ ਤੋਂ ਮੁਕਤ ਕਰਾਉਣ ਅਤੇ ਅਉਖੀ ਘੜੀ ਵਿੱਚ ਉੱਦਮ, ਉਤਸ਼ਾਹ ਪ੍ਰਦਾਨ ਕਰਨ ਲਈ ਆਪਣੀ ਮਿਸਾਲ ਆਪ ਹੈ, ਤੇ ਗੁਰਮੁਖਾਂ ਦੀ ਜਿੰਦ ਜਾਨ ਹੈ। ਇਸ ਦੇ ਦਰਸ਼ਨ ਇਸ਼ਨਾਨ ਲਈ ਗੁਰਸਿੱਖ ਨਿਤਾ ਪ੍ਰਤੀ ਅਰਦਾਸ ਦੁਆਰਾ ਬੇਨਤੀ ਕਰਦਾ ਆਇਆ ਹੈ।

ਗੁਰਿਆਈ ਦੇ ਕੇਵਲ ਸੱਤਾਂ ਸਾਲਾਂ ਦੌਰਾਨ ਆਪ ਜੀ ਨੇ ਸਿੱਖੀ ਨੂੰ ਹੋਰ ਚਮਕਾਇਆ ਤੇ ਫੈਲਾਇਆ। ਹਜ਼ੂਰ ਦੀ ਸਮੁੱਚੀ ਸ਼ਖਸੀਅਤ ਸ਼ਾਂਤ ਭਰੀ, ਸਹਜ ਭਰੀ, ਮਨ ਸਦਾ ਅਡੋਲ, ਕ੍ਰੋਧ, ਗਿਲਾ, ਨਫਰਤ ਤੋਂ ਨਿਰਲੇਪ ਰਹਿੰਦਾ ਸੀ। ਜਿਸ ਨੂੰ ਆਪ ਦੀ ਛੋਹ ਪ੍ਰਾਪਤ ਹੋਈ ਉਸ ਦੇ ਸੁੱਕੇ ਹਿਰਦੇ ਐਸੇ ਉਪਜਾਊ ਬਣ ਗਏ ਕਿ ਉਸ ਵਿੱਚ ਨਾਮ ਦੇ ਅੰਗੂਰ, ਸੁਗੰਧੀ ਸਮੇਤ ਫੁੱਟਣ ਲੱਗੇ। ਚਿਹਰਾ ਨਾਮ ਦੀ ਲਾਲੀ ਨਾਲ ਤਪਦਾ ਤੇ ਰੰਗ ਸਦਾ ਚਲੂਲਿਆ ਰਹਿੰਦਾ। ਉਪਦੇਸ਼ ਏਨਾ ਪ੍ਰਭਾਵਸ਼ਾਲੀ ਕਿ ਨਾਸਤਕਾਂ ਦੇ ਮਨ ਢਲ ਜਾਂਦੇ, ਤੇ ਕੱਟੜ ਵਿਚਾਰਧਾਰਾ ਦੇ ਪੱਥਰ ਮਨ ਮੋਮ ਬਣ ਜਾਂਦੇ। ਬਚਨਾਂ ਵਿੱਚ ਇਕ ਜਾਦੂ ਜਿਹਾ ਅਸਰ ਸੀ, ਪ੍ਰੇਮ ਭਾਵਨਾ ਵਾਲਾ ਤੇ ਸ਼ਰਧਾ ਰੱਖਣ ਵਾਲਾ ਮਨੁੱਖ ਤਾਂ ਸਹਿਜੇ ਹੀ ਕੀਲਿਆ ਜਾਂਦਾ। ਜਿਸ ਤੇ ਨਜ਼ਰ ਪੈਂਦੀ, ਲੋਹੇ ਤੋਂ ਲਾਲ ਬਣ ਜਾਂਦਾ। ਨੈਣ ਸਦਾ ਮਖਮੂਰ ਰਹਿੰਦੇ, ਜਿਹੜਾ ਤੱਕਦਾ ਮੋਹਿਤ ਹੋਏ ਬਿਨਾ ਨਾ ਰਹਿੰਦਾ। ਭੱਟਾਂ ਨੇ ਹਜ਼ੂਰ ਦੀ ਉਸਤਤਿ ਇਨਾਂ ਸ਼ਬਦਾਂ ਦੁਆਰਾ ਕੀਤੀ ਹੈ -

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥*

***(ਬਾਕੀ ਪੰਨਾ 37 'ਤੇ)***

# ਗੁਰੂ ਰਾਮ ਦਾਸ ਜੀ ਵਿੱਚ ਨਿਮ੍ਰਤਾ, ਗਰੀਬੀ

*[ਪ੍ਰੋ. ਸਾਹਿਬ ਸਿੰਘ ਜੀ ]*

ਲੋਕ ਆਮ ਤੌਰ ਤੇ ਕਿਸੇ ਗਊ ਦੀ ਖ਼ਾਤਰ, ਲੋੜ ਪੈਣ ਤੇ ਦੂਜੇ ਅਗੇ ਲਿਫਦੇ ਹਨ, ਪਰ ਜਦੋਂ ਕਿਸੇ ਮਰਤਬ ਉਤੇ ਅਪੜ ਜਾਂਦੇ ਹਨ, ਤਾਂ ਉਹ ਲਿਫਣਾ ਉਨ੍ਹਾਂ ਨੂੰ ਭੁਲ ਜਾਂਦਾ ਹੈ। ਮਨੁਖ ਕੋਠੇ ਉਤੇ ਚੜ੍ਹਨ ਲਈ ਪਉੜੀ ਵਲ ਮੂੰਹ ਕਰ ਕੇ ਪਉੜੀ ਤੇ ਚੜ੍ਹਦਾ ਹੈ, ਪਰ ਜਦੋਂ ਅਖ਼ੀਰਲੇ ਡੰਡੇ ਉਤੇ ਪੈਰ ਰੱਖ ਕੇ ਕੋਠੇ ਤੇ ਜਾ ਪਹੁੰਚਦਾ ਹੈ ਤਾਂ ਪਉੜੀ ਵੱਲ ਉਸ ਦੀ ਪਿੱਠ ਹੋ ਜਾਂਦੀ ਹੈ। ਇਹੀ ਹਾਲ ਇਸ ਦਾ ਹੁੰਦਾ ਹੈ, ਰੋਜ਼ਾਨਾ ਜੀਵਨ ਵਿਚ ਨਿਮ੍ਰਤਾ ਵੱਲ ਮੂੰਹ ਉਤਨਾ ਚਿਰ, ਜਿਤਨਾ ਚਿਰ ਚੌਧਰ ਨਹੀਂ ਮਿਲੀ। ਚੌਧਰ ਮਿਲਦਿਆਂ ਹੀ ਤੂੰ ਕੌਣ ਤੇ ਮੈਂ ਕੌਣ? ਜਗਤ ਵਿਚ ਬੜੇ ਹੀ ਵਿਰਲੇ ਹੁੰਦੇ ਹਨ, ਜੋ ਮਰਾਤਬੇ ਉਤੇ ਪਹੁੰਚ ਕੇ ਨਿਮ੍ਰਤਾ-ਸੁਭਾਵ ਨਹੀਂ ਛਡਦੇ।

ਗੁਰੂ ਰਾਮ ਦਾਸ ਜੀ ਦੇ ਜੀਵਨ ਵਿਚ ਆਉਂਦਾ ਹੈ ਕਿ ਦੁਨੀਆ ਵਾਲੇ ਸਾਕੋਂ ਗੁਰੂ ਅਮਰਦਾਸ ਜੀ ਦੇ ਜਵਾਈ ਹੁੰਦਿਆਂ ਭੀ ਹੱਦ ਦਰਜੇ ਦੀ ਗਰੀਬੀ ਸੁਭਾਵ ਨਾਲ ਸਤਿਗੁਰੂ ਜੀ ਦੀ ਦੱਸੀ ਹਰੇਕ ਸੇਵਾ ਕਰਦੇ ਰਹੇ। ਗੁਰੂ ਬਣ ਕੇ ਭੀ ਇਸ ਸੁਭਾਵ ਵਿਚ ਰਤਾ ਭੀ ਫ਼ਰਕ ਨਾ ਪਿਆ। ਸਿੱਖਾਂ ਵਾਸਤੇ ਨਿਮ੍ਰਤਾ ਤੇ ਮਿਠਾਸ ਦੇ ਪੂਰਨੇ ਸਦਾ ਹੀ ਪਾਉਂਦੇ ਰਹੇ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸਿਰੀ ਚੰਦ ਜੀ ਬਾਰਨ ਤੋਂ ਇਹਨਾਂ ਦੇ ਦਰਸ਼ਨ ਕਰਨ ਆਏ। ਪਿੰਡ ਬਾਰਨ ਜ਼ਿਲਾ ਗੁਰਦਾਸਪੁਰ ਵਿਚ ਹੈ। ਪਠਾਨਕੋਟ ਤੋਂ ਉਰਲਾ ਰੇਲਵੇ ਸਟੇਸ਼ਨ ਸਰਨਾ ਹੈ, ਸਰਨੇ ਤੋਂ ਪਹਾੜ ਪਾਸੇ ਵੱਲ ਬਾਰਨ ਪੰਜ ਛੇ ਮੀਲਾਂ ਦੀ ਵਿੱਥ ਉਤੇ ਰਾਵੀ ਦੇ ਕੰਢੇ ਤੇ ਹੈ। ਗੁਰੂ ਰਾਮ ਦਾਸ ਜੀ ਨੇ ਸੁਣਿਆ ਕਿ ਬਾਬਾ ਜੀ ਆ ਰਹੇ ਹਨ। ਅਗੋਂ-ਵਾਂਢੀ ਲੈਣ ਗਏ। ਬਾਬਾ ਜੀ ਦੀ ਕਾਫ਼ੀ ਲੰਮੀ ਉਮਰ ਹੋ ਚੁਕੀ ਸੀ, ਸੱਤਰ ਸਾਲ ਤੋਂ ਟੱਪ ਚੁੱਕੇ ਹੋਏ ਸਨ। ਸਤਿਗੁਰੂ ਜੀ ਨੇ ਆਪਣੇ ਹਥੀਂ ਉਨ੍ਹਾਂ ਦੀਆਂ ਲੱਤਾਂ ਘੁੱਟੀਆਂ, ਚਰਨ ਦਬਾਏ। ਗੁਰੂ ਰਾਮਦਾਸ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ। ਬਾਬਾ ਸਿਰੀ ਚੰਦ ਜੀ ਵੇਖ ਕੇ ਮੁਸਕਰਾ ਪਏ, ਅਤੇ ਪੁੱਛਣ ਲੱਗੇ, ਇਹ ਦਾੜ੍ਹੀ ਤੁਸੀਂ ਇਤਨੀ ਲੰਮੀ ਕਿਉਂ ਵਧਾਈ ਹੋਈ ਹੈ? ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ ਕਿ ਤੁਹਾਡੇ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ। ਇਹ ਆਖ ਕੇ ਸੱਚ ਮੁੱਚ ਹੀ ਆਪਣੀ ਦਾੜ੍ਹੀ ਨਾਲ ਉਹਨਾਂ ਦੇ ਪੈਰ ਪੂੰਝਣ ਲਗ ਪਏ।

### ਸੇਵਾ ਦਾ ਪੁੰਜ ਭਾਈ ਹੰਦਾਲ ਤੇ ਗਰੀਬੀ

ਗੁਰੂ ਕੇ ਲੰਗਰ ਵਿਚ ਗੁਰੂ ਰਾਮਦਾਸ ਜੀ ਦਾ ਇਕ ਸਿੱਖ ਭਾਈ ਹੰਦਾਲ ਸੇਵਾ ਕਰਿਆ ਕਰਦਾ ਸੀ। ਭਾਈ ਹੰਦਾਲ ਜੰਡਿਆਲਾ (ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਦਿਨ ਰਾਤ ਲੰਗਰ ਦੀ ਸੇਵਾ ਵਿਚ ਲਗਾ ਰਹਿੰਦਾ। ਲੰਗਰ ਦੀ ਸੇਵਾ ਅਤੇ ਲੰਗਰ ਵਿਚ ਆਏ ਸਿੱਖਾਂ ਦੀ ਸੇਵਾ ਵਿਚ ਹੰਦਾਲ ਇਤਨਾ ਮਸਤ ਰਹਿੰਦਾ ਸੀ ਕਿ ਇਸ ਨੂੰ ਸਤਿਗੁਰੂ ਜੀ ਦੇ ਦੀਵਾਨ ਵਿਚ ਜਾਣ ਦੀ ਭੀ ਕਦੇ ਘਟ ਹੀ ਵੇਹਲ ਮਿਲਦੀ ਸੀ। ਉਥੇ ਹੱਥ ਸੇਵਾ ਵਿਚ ਅਤੇ ਸੁਰਤਿ ਗੁਰ-ਚਰਨਾਂ ਵਿਚ। ਚੰਨ ਚੜ੍ਹਿਆ ਹੋਇਆ ਰੌਸ਼ਨ ਹੋ ਹੀ ਪੈਣਾ ਹੋਇਆ। ਭਾਈ ਹੁੰਦਾਲ ਦੀ ਸ਼ੋਭਾ ਦੀ ਸੁਗੰਧੀ ਗੁਰੂ ਰਾਮਦਾਸ ਜੀ ਤਕ ਭੀ ਜਾ ਅੱਪੜੀ। ਹੰਦਾਲ ਤਾਂ ਕਦੇ ਕਦਾਈਂ ਹੀ ਦੀਵਾਨ ਵਿਚ ਆਉਂਦਾ ਸੀ, ਸਤਿਗੁਰੂ ਜੀ ਆਪ ਹੀ ਇਕ ਦਿਨ ਉਸ ਨੂੰ ਵੇਖਣ ਲਈ ਲੰਗਰ ਵਿਚ ਆ ਗਏ। ਹੰਦਾਲ ਉਸ ਵੇਲੇ ਆਟਾ ਗੁਨ੍ਹ ਰਿਹਾ ਸੀ। ਉਸ ਨੂੰ ਪਤਾ ਹੀ ਤਦੋਂ ਲਗਾ, ਜਦੋਂ ਸਤਿਗੁਰੂ ਜੀ ਸਿਰ ਉਤੇ ਜਾ ਪਹੁੰਚੇ। ਹੰਦਾਲ ਨੂੰ ਮੌਕਾ ਨਾ ਮਿਲ ਸਕਿਆ ਕਿ ਹੱਥ ਧੋ ਲਵੇ। ਆਟੇ ਨਾਲ ਲਿਬੜੇ ਹੱਥਾਂ ਨਾਲ ਗੁਰੂ-ਚਰਨਾਂ ਉਤੇ ਨਮਸਕਾਰ ਕਰਨ ਵਿਚ ਉਸ ਨੇ ਸਤਿਗੁਰੂ ਜੀ ਦੀ ਨਿਰਾਦਰੀ ਸਮਝੀ। ਲਿਬੜੇ ਹੋਏ ਹੱਥ ਹੰਦਾਲ ਨੇ ਪਿੱਠ ਪਿੱਛੇ ਕਰ ਲਏ, ਅਤੇ ਗੋਡਿਆਂ- ਭਾਰ ਹੋ ਕੇ ਉਹ ਸਤਿਗੁਰੂ ਜੀ ਦੇ ਚਰਨਾਂ ਉਤੇ ਢਹਿ ਪਿਆ। ਉਸ ਦਾ ਇਹ ਅਨੋਖੇ ਢੰਗ ਦਾ

ਸਤਿਕਾਰ ਵੇਖ ਕੇ ਗੁਰੂ ਰਾਮਦਾਸ ਜੀ ਹੱਸ ਪਏ। ਹੰਦਾਲ ਦਾ ਉੱਚਾ ਜੀਵਨ ਵੇਖ ਕੇ ਉਸ ਨੂੰ ਸਿਖ ਧਰਮ ਦਾ ਪਰਚਾਰਕ ਮੁਕੱਰਰ ਕਰ ਦਿੱਤਾ।

ਪਰਮਾਤਮਾ ਨੂੰ ਬੰਦਿਆਂ ਵਿੱਚ ਵੇਖਣਾ - ਸਿੱਖ ਧਰਮ ਦਾ ਇਹ ਇਕ ਅਤਿ ਜਰੂਰੀ ਨਿਯਮ ਹੈ। ਨਿਸ਼ਕਾਮ ਸੇਵਾ ਵੀ ਤਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਆਪਣੇ ਅੰਦਰ ਵਸਦਾ ਅਕਾਲ ਪੁਰਖ ਸਭਨਾਂ ਵਿਚ ਦਿੱਸੇ। ਇਸ ਨਿਸ਼ਾਨੇ ਨੂੰ ਸਾਹਮਣੇ ਰੱਖਣ ਵਾਲਾ ਸੇਵਕ ਹੀ ਧਰਮ ਦਾ ਪਰਚਾਰਕ ਬਣ ਸਕਦਾ ਹੈ। ਧਰਮ ਦੀਆਂ ਨਿਰੀਆਂ ਜਬਾਨੀ ਗੱਲਾਂ ਕਿਸੇ ਉਪਰ ਅਸਰ ਨਹੀਂ ਪਾ ਸਕਦੀਆਂ।

### *(ਪੰਨਾ 35 ਦੀ ਬਾਕੀ)*

*ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥*
*ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ,*
*ਦੁਖ ਦਰਿਦ੍ਰ ਤਿਨ ਕੇ ਗਇਅ॥*
*ਸਤਿਗੁਰੂ ਚਰਨ ਜਿਨ੍ਹ ਪਰਸਿਆ,*
*ਸੇ ਪਸੁ ਪਰੇਤ ਸੁਰਿ ਨਰ ਭਇਅ॥੨॥*
*ਅੰਗ - ੧੩੯੯*

ਆਪ ਜੀ ਦਾ ਸਾਰਾ ਜੀਵਨ ਸ਼ਾਂਤ ਇਨਕਲਾਬ ਦੀ ਸੁਗੰਧੀ ਦਾ ਰੂਪ ਹੈ। ਵਿਗੜੇ ਮਨਾਂ ਨੂੰ ਰਹਿ-ਰਾਬਤ ਲਿਆਉਣਾ ਤੇ ਡੋਲਦੇ ਮਨਾਂ ਨੂੰ ਸਥਿਰ ਅਵਸਥਾ ਵਿਚ ਰੱਖਣਾ ਆਪ ਦਾ ਬਿਰਦ ਹੈ। ਜਿਵੇਂ ਅਕਾਲ ਪੁਰਖ ਨੇ ਆਪ ਨੂੰ ਸੁਆਰਿਆ ਤਿਵੇਂ ਆਪ ਜੀ ਨੇ ਸਾਰੀ ਸੰਗਤ ਨੂੰ ਸੁਆਰਿਆ ਹੈ। ਵਿਸ਼ਵ ਭਰ ਦੇ ਯਾਤਰੀ ਆਪ ਜੀ ਦੀ ਮਹਿਮਾ ਸੁਣ ਕੇ ਦਰਸਨ ਪਰਸਨ ਆਉਂਦੇ ਤੇ ਆਪਣੇ ਆਪ ਨੂੰ ਸੁਭਾਗੇ ਸਮਝਦੇ ਹਨ। ਧੰਨ ਤੁਹਾਡਾ ਸਥਾਨ ਹੈ ਤੇ ਧੰਨ ਤੁਹਾਡੀ ਸੰਗਤ। ਫੁਰਮਾਨ ਹੈ -

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥*
*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨ ਸੁ ਤੇਰਾ ਥਾਨੁ ਹੈ, ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ, ਗੁਰੁ ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ ਅੰਗ - ੯੬੮*

ਪਰਮ ਸਤਿਗੁਰੂ ਰਾਮਦਾਸ ਜੀਓ! ਸਾਨੂੰ ਵੀ ਐਸੇ ਨੇਤਰ ਬਖਸ਼ ਦਿਉ, ਜਿਨ੍ਹਾਂ ਨੇਤਰਾਂ ਨਾਲ ਭੱਟਾਂ ਨੇ ਤੁਹਾਨੂੰ ਤਕਿਆ ਹੈ। ਅਸੀਂ ਅਧਿਕਾਰੀ ਤਾਂ ਨਹੀਂ, ਪਰ ਤੁਸੀਂ ਐਸੇ ਬੱਦਲ ਹੋ ਜਿਹੜੇ ਵਰ੍ਹਨ ਵੇਲੇ ਸਥਾਨ ਦਾ ਵਿਤਕਰਾ ਨਹੀਂ ਕਰਦੇ। ਸਾਡੀ ਬੰਜਰ ਧਰਤੀ ਨੂੰ ਜਰਖੇਜ ਬਣਾਉਣ ਦੀ ਕ੍ਰਿਪਾ ਵੀ ਕਰੋ। ਉਨ੍ਹਾਂ ਨੂੰ ਤੁਸੀਂ ਜਹਾਜ਼ ਦੇ ਰੂਪ ਵਿਚ, ਕਦੇ ਪਾਰਬ੍ਰਹਮ ਦਾ ਪਰਤੱਖ ਸਰੀਰ ਵਿੱਚ ਦਿਖਾਈ ਦਿੰਦੇ ਹੋ। ਜੇ ਤੁਹਾਡੀ ਕ੍ਰਿਪਾ ਹੋ ਜਾਵੇ ਤਾਂ ਅਸੀਂ ਵੀ ਤੁਹਾਨੂੰ ਅਕਾਲ ਪੁਰਖ ਦਾ ਰੂਪ ਸਮਝ ਕੇ ਸਿਮਰੀਏ। ਬਚਨ ਹਨ-

*ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥*
*ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥*
*ਅੰਗ - ੧੪੦੧*

### *(ਪੰਨਾ 32 ਦੀ ਬਾਕੀ)*

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੰਦੇੜ ਵਿਖੇ ਜੋਤੀ ਜੋਤਿ ਸਮਾਏ।

- 16 ਅਕਤੂਬਰ 1670 ਈਸਵੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਰਘੂਦੇਵ ਰਾਜਪੂਤ ਦੇ ਘਰ ਰਾਜੌਰੀ (ਕਸ਼ਮੀਰ) ਵਿਚ ਹੋਇਆ।
- 12 ਅਕਤੂਬਰ 1710 ਈਸਵੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਨੇ ਰਾਹੋਂ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ।
- 17 ਅਕਤੂਬਰ 1836 ਈਸਵੀ ਨੂੰ ਹਰੀ ਸਿੰਘ ਨਲਵਾ ਨੇ ਕਿਲ੍ਹਾ ਜਮਰੌਦ 'ਤੇ ਕਬਜ਼ਾ ਕੀਤਾ।
- ਸਿਖ ਮਿਸਲਾਂ ਦੇ ਜਥੇਦਾਰਾਂ ਨੇ ਅਕਾਲ ਬੁੰਗੇ ਇਕੱਠੇ ਹੋ ਕੇ 20 ਅਕਤੂਬਰ 1759 ਈਸਵੀ ਨੂੰ ਦੁਰਾਨੀ ਦਾ ਟਾਕਰਾ ਕਰਨ ਲਈ ਕੂਚ ਕੀਤਾ।
- ਸ. ਧੰਨਾ ਸਿੰਘ ਬੱਬਰ ਬਹਿਬਲਪੁਰ 25 ਅਕਤੂਬਰ 1926 ਈਸਵੀ ਨੂੰ ਪੁਲਿਸ ਮੁਕਾਬਲੇ ਵਿਚ ਸ਼ਹੀਦੀ ਪਾ ਗਏ।
- ਸ੍ਰੀ ਅੰਮ੍ਰਿਤਸਰ ਦਾ 400 ਸਾਲਾ ਸਥਾਪਨਾ ਦਿਵਸ 26 ਅਕਤੂਬਰ 1977 ਈਸਵੀ ਨੂੰ ਸਾਰੀ ਕੌਮ ਨੇ ਸ਼ਰਧਾ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ।
- ਪੰਜਾ ਸਾਹਿਬ ਦਾ ਸਾਕਾ 30 ਅਕਤੂਬਰ 1922 ਈਸਵੀ ਨੂੰ ਵਾਪਰਿਆ। ਇਸ ਸਾਕੇ ਵਿਚ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਸ਼ਹੀਦੀ ਪਾ ਗਏ।

## ਸਹਾਇਤਾ ਆਤਮ ਰੰਗ ਨੂੰ ਸਤੰਬਰ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਸੁਪਪ੍ਰੀਤ ਅਰੋੜਾ | 5,000.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 10,000.00 |
| ◆ ਗੁਪਤ ਸੇਵਾ, ਚੰਡੀਗੜ੍ਹ | 10,000.00 |
| **ਕੁਲ ਜੋੜ** | **45,000.00** |

### Statement of Income & Expenditure for the Month of September, 2024 of *Atam Rang*

| | |
|---|---|
| 1. M/s Jai Offset Printers | 34,000.00 |
| 2. Cost of Service Stamps | 12,000.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure** | **62,000.00** |
| **upto 30.09.2024** | |
| Donation | 45,000.00 |
| Cash in hand | 96,817.00 |
| **Total Income** | **1,41,817.00** |
| **Expenditure** | **62,000.00** |
| **Income** | **1,41,817.00** |
| **Difference (Cash in hand)** | **79,817.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 17 ਅਕਤੂਬਰ |
| ਪੂਰਨਮਾਸ਼ੀ | 17 ਅਕਤੂਬਰ |
| ਮੱਸਿਆ | 2 ਅਕਤੂਬਰ |
| ਪੰਚਮੀ | 8 ਅਕਤੂਬਰ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | 19 ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 25 ਅਕਤੂਬਰ |
| ਜੋਤੀ ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 25 ਅਕਤੂਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

| | | |
|---|---|---|
| **Account Name : ATAM RANG** | **Account Number : 409814300245** | **IFSC Code : RATN0000202** |
| **Bank Name & Address : RBL Bank Limited, Sec. 9 C, Chandigarh** | | |

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਤਮ ਰੰਗ ਦਾ ਜੋ ਪੁਰਾਣਾ ਅਕਾਉਂਟ ਸਟੇਟ ਬੈਂਕ ਆਫ ਇੰਡੀਆ ਵਿੱਚ ਸੀ ਉਹ ਬੰਦ ਹੋ ਗਿਆ ਹੈ, ਅਤੇ ਉਸ ਤੇ ਕਿਸੇ ਵੀ ਤਰ੍ਹਾਂ ਦੀ ਮਾਇਆ ਨਾ ਭੇਜੀ ਜਾਵੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ (ਮੋਬਾਇਲ : 98143-00245)**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*


ਸਾਲਾਨਾ ਅਖੰਡ ਕੀਰਤਨ ਸਮਾਗਮ
ਦੋਰਾਹਾ -2024
ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ( ਰੇਲਵੇ ਰੋਡ ਦੋਰਾਹਾ )
ਮਿਤੀ :- ( 28/11/24) ਤੋ ( 1/12/ 24 )
ਦਿਵਸ ਸੁਹੇਲਾ ਸਮਾਗਮ ਮਿਤੀ :( 30/11/24 ) ਅੰਮ੍ਰਿਤ ਵੇਲੇ ਤੋ ਦੁਪਹਿਰ 2 ਵਜੇ ਤੱਕ
ਸ਼ਾਮ ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਹੋਣਗੇ ਜੀ ਤੇ ਸਮਾਪਤੀ ਸਵੇਰੇ 5 ਵਜੇ ਹੋਵੇਗੀ ਜੀ |
ਅੰਮ੍ਰਿਤ ਸੰਚਾਰ 30/11/24 ਸ਼ਨੀਵਾਰ ਸ਼ਾਮ 8 ਵਜੇ ਹੋਵੇਗਾ ਜੀ|
(ਟਾਇਮ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ )
ਦਾਸਰੇ :- ਅਖੰਡ ਕੀਰਤਨੀ ਜੱਥਾ ਅਤੇ ਸਮੂਹ ਗੁਰਦੁਵਾਰਾ ਪ੍ਰਬੰਧਕ ਕਮੇਟੀ ( ਦੋਰਾਹਾ )
98140-97699,97808-49371,62839-47885,84271-13051,98789-91042, 94636-02321, 98557-17221


ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ
ਦਿੱਲੀ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਖੇ
ਸਾਲਾਨਾ
ਅਖੰਡ ਕੀਰਤਨ ਸਮਾਗਮ
7 ਤੋਂ 13 ਅਕਤੂਬਰ 2024
7 ਅਕਤੂਬਰ - ਸੋਮਵਾਰ
ਸਵੇਰੇ 5:00 ਤੋਂ 7:30 ਵਜੇ
ਕੀਰਤਨ ਆਸਾ ਕੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਸਕੂਲ , ਦੇਵ ਨਗਰ
9 ਅਕਤੂਬਰ - ਬੁਧਵਾਰ
ਸਵੇਰੇ 5:00 ਤੋਂ ਦੁਪਹਿਰ ਤਕ
ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਆਸਾ ਕੀ ਵਾਰ
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਸਕੂਲ , ਦੇਵ ਨਗਰ
ਅਖੰਡ ਕੀਰਤਨ ਸਮਾਗਮ
9 ਅਕਤੂਬਰ - ਬੁਧਵਾਰ
ਸ਼ਾਮ 7:00 ਤੋਂ 10:00 ਵਜੇ ਤਕ
ਸ੍ਰੀ ਗੁਰੂ ਸਿੰਘ ਸਭਾ, ਕਰੋਲ ਬਾਗ਼
10 ਅਕਤੂਬਰ - ਵੀਰਵਾਰ
ਸਵੇਰੇ 5:00 ਤੋਂ 2:30 ਵਜੇ ਤਕ
ਗੁਰਦੁਆਰਾ ਸੀਸ ਗੰਜ ਸਾਹਿਬ
ਸ਼ਾਮ 7:00 ਤੋਂ 10:00 ਵਜੇ ਤਕ
ਗੁਰਦੁਆਰਾ ਮਾਤਾ ਸੁੰਦਰ ਕੌਰ ਜੀ
11 ਅਕਤੂਬਰ - ਸ਼ੁਕਰਵਾਰ
ਸਵੇਰੇ 5:00 ਤੋਂ 2:30 ਵਜੇ ਤਕ
ਗੁਰਦੁਆਰਾ ਨਾਨਕ ਪਿਆਊ ਸਾਹਿਬ
ਸ਼ਾਮ 7:00 ਤੋਂ 10:00 ਵਜੇ ਤਕ
ਗੁਰਦੁਆਰਾ ਬੰਗਲਾ ਸਾਹਿਬ
12 ਅਕਤੂਬਰ - ਸ਼ਨੀਵਾਰ
ਸਵੇਰੇ 5:00 ਤੋਂ 2:30 ਵਜੇ ਤਕ
ਗੁਰਦੁਆਰਾ ਬੰਗਲਾ ਸਾਹਿਬ
ਕੀਰਤਨ ਰੈਣ ਸਬਾਈ
12 ਅਕਤੂਬਰ - ਸ਼ਨੀਵਾਰ
ਸ਼ਾਮ 7:00 ਤੋਂ 13 ਅਕਤੂਬਰ - ਐਤਵਾਰ ਸਵੇਰੇ 5:00 ਵਜੇ ਤਕ
ਗੁਰਦੁਆਰਾ ਰਕਾਬ ਗੰਜ ਸਾਹਿਬ - ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ
ਗੁਰਬਾਣੀ ਕੰਠ ਮੁਕਾਬਲਾ
12 ਅਕਤੂਬਰ - ਸ਼ਨੀਵਾਰ 2:00 ਵਜੇ ਤੋਂ
ਗੁਰਬਾਣੀ ਅੱਖਰਕਾਰੀ
ਗੁਰਮੁਖੀ ਅੱਖਰਕਾਰੀ ਕਾਰਜਸ਼ਾਲਾ 10, 11 ਅਤੇ 12 ਤਰੀਕ
ਨੂੰ 3 ਤੋਂ 5 ਵਜੇ ਤਕ ਹੋਵੇਗੀ
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਸਕੂਲ , ਦੇਵ ਨਗਰ
ਅੰਮ੍ਰਿਤੁ ਸੰਚਾਰ
12 ਅਕਤੂਬਰ
ਸ਼ਨੀਵਾਰ ਦੁਪਹਿਰ
12:00 ਵਜੇ ਤੋਂ
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਸਕੂਲ , ਦੇਵ ਨਗਰ
ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ,
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਸਕੂਲ, ਦੇਵ ਨਗਰ ਵਿਖੇ ਕੀਤਾ ਗਿਆ ਹੈ ਜੀ।
ਟਰਾਂਸਪੋਰਟ ਸੇਵਾ ਲਈ : 9899115568, 7499882027
9810915584, 9891620560
ਜਬ ਹਮਰੇ ਦਰਸਨ ਕੋ ਆਵਹੁ ॥ ਬਨ ਸੁਚੇਤ ਤਨ ਸ਼ਸਤਰ ਸਜਾਵਹੁ॥
ਜ਼ਰੂਰੀ ਬੇਨਤੀ – ਕੀਰਤਨ ਸਮਾਗਮਾਂ ਤੇ ਗੁਰੂ ਕੇ ਬਾਣੇ ਵਿੱਚ ਸ੍ਰੀ ਸਾਹਿਬ ਉਪਰੋਂ ਸਜਾ ਕੇ ਆਓ ਜੀ ।
ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ:)
9818343498 • 9899006748 • 9810363924
AKJ.ORG
LIVE

# ਪਿੰਡ ਦਿਆਲਪੁਰ ਵਿਖੇ

## ਸਾਲਾਨਾ

# ਅਖੰਡ ਕੀਰਤਨ ਸਮਾਗਮ

**ਮਿਤੀ 24 ਅਕਤੂਬਰ, 2024 ਦਿਨ ਵੀਰਵਾਰ ਤੋਂ 27 ਅਕਤੂਬਰ ਦਿਨ ਐਤਵਾਰ ਤੱਕ**



ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਨਿੱਘੇ ਪਿਆਰ ਸਦਕਾ ਪਿਛਲੇ 52 ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਣ ਬਾਣੀ ਦੇ ਕੀਰਤਨ ਪ੍ਰਵਾਹ ਚਲਦੇ ਰਹੇ ਅਤੇ ਅੱਠ ਵਾਰੀ ਕੀਰਤਨ ਰਾਹੀਂ ਭੋਗ ਪਾਏ ਗਏ ਹਨ ਅਤੇ ਇਕ ਵਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਵੀ ਭੋਗ ਪਾਏ ਗਏ ਹਨ। ਜਿਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਅਖੰਡ ਕੀਰਤਨੀ ਜਥੇ ਹਾਜ਼ਰੀ ਭਰਨਗੇ। ਸੋ ਆਪ ਜੀ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਇਸ ਵਾਰ ਇਹ ਸਮਾਗਮ ਬੀਬੀ ਸੁਰਿੰਦਰ ਕੌਰ ਜੀ, ਕਾਕਾ ਅਗਮਜੋਤ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਜੀ ਦਿਆਲਪੁਰ ਵਾਲਿਆਂ ਦੀ ਮਿੱਠੀ ਯਾਦ ਵਿੱਚ ਹੋ ਰਹੇ ਹਨ ਜੀ। ਆਪ ਜੀ ਆਏ ਦੀਦਾਰੇ ਬਖਸ਼ੋ ਜੀ।

## ਕੀਰਤਨ ਪ੍ਰੋਗਰਾਮ

**ਸੋਦਰੁ ਦੀ ਚੌਂਕੀ ਉਪਰੰਤ ਕੀਰਤਨ ਰੋਜ਼ਾਨਾ ਸ਼ਾਮ 6.30 ਤੋਂ 9.30 ਵਜੇ ਤੱਕ**

19 ਅਕਤੂਬਰ ਸ਼ਨੀਵਾਰ ਨੂੰ ਰੈਣਿ ਸਬਾਈ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ (ਪ੍ਰਕਾਸ਼ ਪੁਰਬ ਪਾ: ੪)
22 ਅਕਤੂਬਰ ਮੰਗਲਵਾਰ ਨੂੰ ਭਾਈ ਦਰਸ਼ਨ ਸਿੰਘ ਜੀ ਦੇ ਗ੍ਰਿਹਿ, ਪਿੰਡ ਟਾਹਲੀ ਸਾਹਿਬ।
24 ਅਕਤੂਬਰ ਵੀਰਵਾਰ ਨੂੰ ਗੁਰਦੁਆਰਾ ਥੰਮ੍ਹ ਜੀ ਸਾਹਿਬ, ਇਤਿਹਾਸਕ ਅਸਥਾਨ ਪਾ: ਪੰਜਵੀਂ, ਕਰਤਾਰਪੁਰ।
25 ਅਕਤੂਬਰ ਸ਼ੁਕਰਵਾਰ ਨੂੰ ਗੁਰਦੁਆਰਾ ਸਾਹਿਬ, ਦਿਆਲਪੁਰ।

LIVE ON AKJ.Org Live

26 ਅਕਤੂਬਰ 2024 ਦਿਨ ਸ਼ਨੀਵਾਰ ਸਵੇਰ ਨੂੰ ਗੁਰਦੁਆਰਾ ਸਾਹਿਬ ਪਿੰਡ ਦਿਆਲਪੁਰ ਵਿਖੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 6.00 ਵਜੇ ਸਵੇਰੇ ਉਪਰੰਤ ਕੀਰਤਨ ਆਸਾ ਦੀ ਵਾਰ ਦੁਪਿ: ਤੱਕ

**ਰੈਣਿ ਸਬਾਈ ਕੀਰਤਨ ਮਿਤੀ 26 ਅਕਤੂਬਰ 2024 ਦਿਨ ਸ਼ਨੀਵਾਰ ਨੂੰ**

**ਸ਼ਾਮ ਨੂੰ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਕੀਰਤਨ ਆਰੰਭ ਹੋਣਗੇ**
**ਜਿਸ ਦੀ ਸਮਾਪਤੀ 27 ਅਕਤੂਬਰ 2024 ਦਿਨ ਐਤਵਾਰ ਨੂੰ ਸਵੇਰੇ 5.00 ਵਜੇ ਹੋਵੇਗੀ।**

Noor Printers 99882-99775

ਅੰਮ੍ਰਿਤ ਸੰਚਾਰ : ਮਿਤੀ 26 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਮ 7.00 ਵਜੇ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਫੋਨ : +1 647 404 3134, +61 413 503 226
98143-12950, 98150-81102, 98143-00245

ਵਲੋਂ : ਅਖੰਡ ਕੀਰਤਨੀ ਜੱਥਾ ਸਮੂਹ ਸੰਗਤ ਦਿਆਲਪੁਰ ਕਰਤਾਰਪੁਰ, ਜਲੰਧਰ / ਦਾਸਰੇ : ਮਾਸਟਰ ਗੁਰਬਚਨ ਸਿੰਘ ਦਿਆਲਪੁਰ, ਭਾਈ ਕੁਲਵੰਤ ਸਿੰਘ 'ਕਾਕੀ ਪਿੰਡ'

## ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 15.08.2024 ਤੋਂ ਲੈ ਕੇ 18.08.2024 ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ ਵੱਲੋਂ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

ATAM RANG
October 2024

Postal Regd. No.
CHDG/0025/2024-26

## ਮਨ ਰੇ ਹਰਿ ਕੀਰਤਿ ਤਰੁ ਤਾਰੀ ॥








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 15.08.2024 ਤੋਂ ਲੈ ਕੇ 18.08.2024 ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ ਵੱਲੋਂ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।